Vide R.N.I. No. Pun-Pun 2002/8323 ASR/0001/2021/23

ੴ ਸਤਿਗੁਰ ਪ੍ਰਸਾਦਿ ॥

ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥

ਭੇਟਾ: 25/-

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

ਅੰਕ: 154

D.O.P. 15 Nov. 2023






ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ

ਅੰਦਰ ਪੜ੍ਹੋ ਜੀ

ਕਲਮ ਅਤੇ ਖੰਡੇ ਦੇ ਧਨੀ ਬ੍ਰਹਮ ਗਿਆਨੀ

ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ

# ਬੰਦੀ ਛੋੜ੍ਹ ਦਿਵਸ ਨੂੰ ਸਮਰਪਿਤ 40ਵਾਂ ਸਲਾਨਾ ਸਮਾਗਮ

ਸਤਿਗੁਰੂ ਜੀ ਦੀ ਅਪਾਰ ਕਿਰਪਾ ਨਾਲ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ (ਚੈਰੀਟੇਬਲ) ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਹਰ ਸਾਲ ਦੀ ਤਰ੍ਹਾਂ ਬੰਦੀ ਛੋੜ੍ਹ ਦਿਵਸ ਨੂੰ ਮਨਾਉਂਦੇ ਹੋਏ **40ਵਾਂ ਸਲਾਨਾ ਸਮਾਗਮ** ਕਰਵਾਇਆ ਗਿਆ, 01 ਅਕਤੂਬਰ 2023 ਨੂੰ ਅੰਮ੍ਰਿਤ ਸੰਚਾਰ ਦੌਰਾਨ 232 ਪ੍ਰਾਣੀ ਗੁਰੂ ਵਾਲੇ ਬਣੇ, 2 ਅਕਤੂਬਰ 2023 ਨੂੰ ਬੀਬੀ ਕੌਲਾਂ ਜੀ ਭਲਾਈ ਕੇਂਦਰ ਵਿਖੇ ਮਹਾਨ ਕੀਰਤਨ ਦਰਬਾਰ ਤੇ ਕਵੀ ਦਰਬਾਰ ਕਰਵਾਇਆ ਗਿਆ ਜਿਸ ਵਿੱਚ ਸਿੰਘ ਸਹਿਬਾਨ, ਸੰਤਾਂ ਮਹਾਂਪੁਰਸ਼ਾਂ ਅਤੇ ਗੁਰੂ ਘਰ ਦੇ ਕੀਰਤਨੀਆਂ ਨੇ ਕਥਾ-ਕੀਰਤਨ ਦੀਆਂ ਹਾਜ਼ਰੀਆਂ ਭਰੀਆਂ। ਉਪਰੰਤ ਲੌੜਵੰਦ ਵਿਧਵਾ ਬੀਬੀਆਂ ਨੂੰ ਸਿਲਾਈ ਮਸ਼ੀਨਾਂ ਵੰਡੀਆਂ ਗਈਆਂ। ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ (ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ), ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ, ਮਾਤਾ ਵਿਪਨਪ੍ਰੀਤ ਕੌਰ ਜੀ (ਲੁਧਿਆਣੇ ਵਾਲੇ) ਅਤੇ ਸਮੂੰਹ ਸਹਿਯੋਗੀਆਂ ਵੱਲੋਂ 213 ਬੱਚਿਆਂ ਨੂੰ ਦਸਤਾਰਾਂ ਸਜਾਈਆਂ ਗਈਆਂ।




1. ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ (ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ), ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਜੀ (ਗ੍ਰੰਥੀ ਸ੍ਰੀ ਦਰਬਾਰ ਸਾਹਿਬ) ਕਥਾ ਕਰਦੇ ਹੋਏ ਅਤੇ ਕਵੀਸ਼ਰ ਸੰਗਤਾਂ ਨੂੰ ਕਵਿਤਾ ਸਰਵਨ ਕਰਵਾਉਂਦੇ ਹੋਏ। 2. ਭਾਈ ਹਰਵਿੰਦਰ ਪਾਲ ਸਿੰਘ ਜੀ ਲਿਟਲ, ਭਾਈ ਸ਼ੁੱਭਦੀਪ ਸਿੰਘ ਜੀ (ਹਜ਼ੂਰੀ ਰਾਗੀ), ਭਾਈ ਅਮਨਦੀਪ ਸਿੰਘ ਜੀ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਰਸਭਿੰਨਾ ਕੀਰਤਨ ਕਰਦੇ ਹੋਏ, 3. ਬੱਚਿਆਂ ਦੀ ਦਸਤਾਰਬੰਦੀ ਤੋਂ ਬਾਅਦ ਸਿੰਘ ਸਾਹਿਬਾਨ, ਭਾਈ ਸਾਹਿਬ ਜੀ ਅਤੇ ਹੋਰ ਗੁਰਮੁਖ ਪਿਆਰੇ ਬੱਚਿਆਂ ਨਾਲ ਖੜ੍ਹੇ ਨਜ਼ਰ ਆ ਰਹੇ, 4. ਭਾਈ ਗੁਰਇਕਬਾਲ ਸਿੰਘ ਜੀ, ਭਾਈ ਜਸਬੀਰ ਸਿੰਘ ਜੀ (ਦਿੱਲੀ ਵਾਲੇ) ਤੇ ਸ੍ਰ. ਗੁਰਚਰਨ ਸਿੰਘ ਜੀ (ਚੰਨ ਵੀਰ ਜੀ) ਲੋੜਵੰਦ ਵਿਧਵਾ ਬੀਬੀਆਂ ਨੂੰ ਸਿਲਾਈ ਮਸ਼ੀਨਾਂ ਵੰਡਦੇ ਹੋਏ।

Asr. G.P.O.No. PB0001/ 2021-23

ੴ ਸਤਿਗੁਰ ਪ੍ਰਸਾਦਿ।।

ਅੰਕ-154ਵਾਂ (2023)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਜਸਵਿੰਦਰ ਸਿੰਘ (ਪਟਿਆਲਾ), ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.)
ਸ੍ਰੀ ਅੰਮ੍ਰਿਤਸਰ।

**ਕੰਪਿਊਟਰ**
ਸਿਫਤਿ ਸਾਲਾਹ ਦਫਤਰ

ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਚੰਦਾ**

| ਦੇਸ਼ | | ਵਿਦੇਸ਼ | |
|---|---|---|---|
| ਸਲਾਨਾ ਚੰਦਾ | 150 ਰੁ. | ਸਲਾਨਾ ਚੰਦਾ | 1200 ਰੁ. |
| 2 ਸਾਲ ਲਈ | 300 ਰੁ. | 2 ਸਾਲ ਲਈ | 2400 ਰੁ. |
| 5 ਸਾਲ ਲਈ | 600 ਰੁ. | 5 ਸਾਲ ਲਈ | 4800 ਰੁ. |
| ਲਾਈਫ ਮੈਂਬਰਸ਼ਿਪ | 2400 ਰੁ. | ਲਾਈਫ ਮੈਂਬਰਸ਼ਿਪ | 19200 ਰੁ. |

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**
ਦਫਤਰ: ਸਿਫਤਿ ਸਾਲਾਹ, ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006 ਫੋਨ : 98765-25850

## ਤਤਕਰਾ


- ਸੰਪਾਦਕੀ 4
- ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ 5
- ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ 14
- ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ 15
- ਜ਼ਿੰਦਗੀ ਦੀਆਂ ਬਰੀਕੀਆਂ 17
- ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ 19
- ਅਧਿਆਤਮਿਕ ਵਿਚਾਰਾਂ 22
- ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਿਹੜੀ ਵਿਦਿਆ ਪ੍ਰਾਪਤ ਕੀਤੀ? 23
- ਅਨਮੋਲ ਬਚਨ 30
- 400 ਸਾਲ ਗੁਰ ਇਤਿਹਾਸ ਦੇ ਨਾਲ 31
- ठण्डे बुर्ज व ठण्डी रातों का अनोखा इतिहास 33
- जिंदगी की बारीकियाँ 39
- Clear Glimpses of Incarnation of Dhan Dhan Sri Guru Nanak Dev Ji 42
- Enter My Domain, If you are Ready to Sacrifice Your Life 47


**ਨੋਟ :** ਸਿਫਤਿ ਸਾਲਾਹ ਵਿੱਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਨ੍ਹਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
-ਸੰਪਾਦਕ

# ਸੰਪਾਦਕੀ...

ਗੁਰੂ ਕੀ ਪਿਆਰੀ ਸਾਧ ਸੰਗਤ ਜੀ,

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿੱਚ ਚੌਥੇ ਪਾਤਸ਼ਾਹ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੀ ਉਚਾਰਨ ਕੀਤੀ ਇੱਕ ਪਾਵਨ ਪੰਕਤੀ ਆਉਂਦੀ ਹੈ :

***ਜੋ ਹਰਿ ਦਾਸਨ ਕੀ ਉਸਤਤਿ ਹੈ ਸਾ ਹਰਿ ਕੀ ਵਡਿਆਈ॥***
***ਹਰਿ ਆਪਣੀ ਵਡਿਆਈ ਭਾਵਦੀ ਜਨ ਕਾ ਜੈਕਾਰੁ ਕਰਾਈ॥*** (ਅੰਗ ੬੫੨)

ਕਿੰਨੀ ਵਡਿਆਈ ਦਿੱਤੀ ਹੈ, ਗੁਰੂ ਸਾਹਿਬ ਜੀ ਨੇ ਆਪਣੇ ਪਿਆਰਿਆਂ ਨੂੰ, ਆਪਣੇ ਗੁਰਸਿੱਖਾਂ ਨੂੰ। ਇਸ ਪੰਕਤੀ ਦਾ ਪ੍ਰਤੱਖ ਰੂਪ ਦੇਖਣਾ ਹੋਵੇ ਤੇ ਚਲੇ ਜਾਓ ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਅਸਥਾਨ ਤੇ ਚਾਟੀਵਿੰਡ ਗੇਟ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਜਿੱਥੇ ਬਾਬਾ ਜੀ ਅਤੇ ਹੋਰ ਅਨੇਕਾਂ ਗੁਰੂ ਦੇ ਸਿੰਘਾਂ ਦੇ ਪਾਵਨ ਸਰੀਰਾਂ ਦਾ ਸਸਕਾਰ ਕੀਤਾ ਗਿਆ। ਅੱਜ ਪ੍ਰਤੱਖ ਕਲਾ ਵਰਤਦੀ ਪਈ ਹੈ। ਹਰ ਐਤਵਾਰ ਲੱਖਾਂ ਸੰਗਤਾਂ ਦੇਸ਼ਾਂ-ਵਿਦੇਸ਼ਾਂ ਤੋਂ ਚੁਪਹਿਰਾ ਕੱਟਣ ਆਉਂਦੀਆਂ ਹਨ ਤੇ ਕਈ-ਕਈ ਕਿਲੋਮੀਟਰ ਤੱਕ ਬੈਠਣ ਦੀ ਜਗ੍ਹਾ ਨਹੀਂ ਹੁੰਦੀ। ਲੱਖਾਂ ਸੰਗਤਾਂ ਤਕਰੀਬਨ ਸਵਾ ਚਾਰ ਘੰਟੇ ਖੜ੍ਹੇ ਹੋ ਕੇ ਚੁਪਹਿਰਾ ਕੱਟਦੀਆਂ ਹਨ। ਇੰਨੀਆਂ ਸੰਗਤਾਂ ਦਾ ਹੜ੍ਹ ਆਇਆ ਹੁੰਦਾ ਹੈ ਤੇ ਐਵੇਂ ਨਹੀਂ ਕੋਈ ਆਉਂਦਾ। ਪ੍ਰਤੱਖ ਬਾਬਾ ਜੀ ਆਪ ਵਰਤ ਕੇ ਸੰਗਤਾਂ ਦੀਆਂ ਝੋਲੀਆਂ ਭਰਦੇ ਹਨ। ਹੈਰਾਨੀ ਤਾਂ ਉਦੋਂ ਹੁੰਦੀ ਹੈ ਜਦੋਂ ਕੋਈ ਇਹ ਆ ਕਹਿੰਦਾ ਹੈ ਕਿ ਡਾਕਟਰਾਂ ਨੇ ਵੀ ਜਵਾਬ ਦੇ ਦਿੱਤਾ ਸੀ ਤੇ ਇੱਥੇ ਆ ਕੇ ਮਰਿਆਦਾ ਨਾਲ ਚੁਪਹਿਰੇ ਕੱਟੇ ਹਨ ਤੇ ਪ੍ਰਤੱਖ ਬਾਬਾ ਜੀ ਆਪ ਵਰਤ ਕੇ ਉਹ ਕਲਾ ਵਰਤਾ ਦਿੰਦੇ ਹਨ ਕਿ ਕੋਈ ਸੋਚ ਵੀ ਨਹੀਂ ਸਕਦਾ। ਜਿੱਥੇ ਆ ਕੇ ਡਾਕਟਰਾਂ ਦੇ ਵੀ ਹੱਥ ਖੜ੍ਹੇ ਹੋ ਜਾਂਦੇ ਹਨ। ਇਹ ਕੀ ਹੈ? ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪਣੇ ਪਿਆਰੇ ਤੇ ਇੰਨੇ ਰੀਝ ਗਏ ਕਿ ਦਰਗਾਹ ਦੀਆਂ ਚਾਬੀਆਂ ਹੀ ਫੜ੍ਹਾ ਦਿੱਤੀਆਂ। ਜਿੰਨਾ ਮਰਜ਼ੀ ਅੱਗੇ ਵੰਡੀ ਜਾਓ। ਕੋਈ ਅੰਤ ਹੀ ਨਹੀਂ। ਕੋਈ ਪਾਰਾਵਾਰ ਹੀ ਨਹੀਂ। ਔਰ ਸੰਗਤਾਂ ਦਾ ਇੰਨਾ ਪਿਆਰ ਹੈ, ਧੰਨ ਬਾਬਾ ਦੀਪ ਸਿੰਘ ਜੀ ਨਾਲ ਕਿ ਹਰ ਕੋਈ ਇਹ ਸਮਝਦਾ ਹੈ ਕਿ ਬਾਬਾ ਜੀ ਦਾ ਮੇਰੇ ਸਿਰ ਤੇ ਹੱਥ ਹੈ ਤੇ ਦੁਨੀਆਂ ਦੀ ਕੋਈ ਤਾਕਤ ਮੇਰਾ ਵਾਲ ਵਿੰਗਾ ਨਹੀਂ ਕਰ ਸਕਦੀ। ਇੰਨਾ ਮਾਣ ਹੈ ਬਾਬਾ ਜੀ ਤੇ। ਇੱਥੇ ਆ ਕੇ ਇਹ ਪੰਕਤੀ ਪ੍ਰਤੱਖ ਵਰਤਦੀ ਮਹਿਸੂਸ ਹੁੰਦੀ ਹੈ :

***ਜੋ ਹਰਿ ਦਾਸਨ ਕੀ ਉਸਤਤਿ ਹੈ ਸਾ ਹਰਿ ਕੀ ਵਡਿਆਈ॥***
***ਹਰਿ ਆਪਣੀ ਵਡਿਆਈ ਭਾਵਦੀ ਜਨ ਕਾ ਜੈਕਾਰੁ ਕਰਾਈ॥*** (ਅੰਗ ੬੫੨)

ਇੱਥੇ ਹੀ ਬੱਸ ਨਹੀਂ। ਬਾਬਾ ਜੀ ਦੀਆਂ ਖੁਸ਼ੀਆਂ ਲੈਣ ਲਈ, ਬੇਅੰਤ ਸੁਸਾਇਟੀਆਂ ਹਰ ਐਤਵਾਰ ਵੱਖ-ਵੱਖ ਸੇਵਾਵਾਂ ਬੜੇ ਚਾਅ ਨਾਲ ਨਿਭਾਉਂਦੀਆਂ ਹਨ। ਕੀ ਮੈਡੀਕਲ ਦੀ ਸੇਵਾ, ਕੀ ਜਲ ਦੀ ਸੇਵਾ, ਕੀ ਲੰਗਰ ਦੀ ਸੇਵਾ। ਸੰਗਤਾਂ ਦੇ ਸਹਿਯੋਗ ਤੇ ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਬੀਬੀ ਕੌਲਾਂ ਜੀ ਭਲਾਈ ਕੇਂਦਰ ਫੁਲਵਾੜੀ ਵੱਲੋਂ ਵੀ ਹਰ ਐਤਵਾਰ ਵੱਖ-ਵੱਖ ਸੇਵਾਵਾਂ ਨਿਭਾਈਆਂ ਜਾ ਰਹੀਆਂ ਹਨ। ਗੁਰੂ ਸਾਹਿਬ ਵਾੜ ਲਗਾਈ ਰੱਖਣ। ਜਿਵੇਂ-ਜਿਵੇਂ ਸੰਗਤ ਵਿੱਚੋਂ ਹੀ ਸੁਮੱਤ ਮਿਲਦੀ ਹੈ, ਮੋਬਾਇਲ ਵਾਸ਼ਰੂਮ, ਕਾਰ ਪਾਰਕਿੰਗ, ਸਕੂਟਰ ਪਾਰਕਿੰਗ, ਦਵਾਈਆਂ ਦੀ ਸੇਵਾ, ਜਲ ਦੀ ਛਬੀਲ, ਚਾਹ ਦੇ ਲੰਗਰ ਦੀ ਸੇਵਾ ਭਲਾਈ ਕੇਂਦਰ ਵੱਲੋਂ ਗੁਰੂ ਸਾਹਿਬ ਦੀ ਕਿਰਪਾ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਸੁਚੱਜੀ ਅਗਵਾਈ ਵਿੱਚ ਚਲ ਰਹੀਆਂ ਹਨ। ਸਿਰਫ ਕਿਸ ਵਾਸਤੇ? ਸੰਗਤਾਂ ਦੀਆਂ ਖੁਸ਼ੀਆਂ ਲੈਣ ਲਈ, ਸੰਗਤਾਂ ਦੀ ਅਸੀਸ ਲੈਣ ਲਈ। ਜਿੱਥੇ ਸੰਗਤ ਦੀ ਖੁਸ਼ੀ ਮਿਲ ਗਈ, ਉੱਥੇ ਬਾਬਾ ਜੀ ਰੀਝ ਜਾਂਦੇ ਹਨ। ਚੁਪਹਿਰਾ ਕਟਣਾ ਕੀ ਹੈ? ਇੱਕ ਬੱਝਵੀਂ ਭਗਤੀ ਕਰਨੀ ਤੇ ਦੂਜੀ ਨਾਲ ਘਰ ਵਿੱਚ ਇੱਕ ਪਾਠ ਕਰੀਏ ਤਾਂ ਇੱਕ ਪਾਠ ਦਾ ਮਹਾਤਮ ਝੋਲੀ ਵਿੱਚ ਪੈਂਦਾ ਹੈ ਗੁ: ਸ਼ਹੀਦਗੰਜ ਸਾਹਿਬ ਵਿਖੇ ਬਾਬਾ ਦੀਪ ਸਿੰਘ ਜੀ ਦੇ ਚਰਨਾਂ ਵਿੱਚ ਬੈਠ ਕੇ ਪਾਠਾਂ ਦਾ ਮਹਾਤਮ ਵੱਧ ਜਾਂਦਾ ਹੈ। ਤੀਜਾ ਸੰਗਤ ਵਿੱਚ ਜਾ ਕੇ ਬਖਸ਼ੀਆਂ ਰੂਹਾਂ ਦੀ ਵਾਈਬਰੇਸ਼ਨ ਪ੍ਰਾਪਤ ਹੁੰਦੀ ਹੈ। ਮਨ ਜ਼ਿਆਦਾ ਜੁੜਦਾ ਹੈ ਤੇ ਮਹਾਤਮ ਵੀ ਵਧੇਰੇ ਪ੍ਰਾਪਤ ਹੁੰਦਾ ਹੈ। ਇਸ ਲਈ ਅਰਦਾਸ ਕਰੀਏ, ਗੁਰੂ ਸਾਹਿਬ ਜੀ ਦੀ ਕਿਰਪਾ ਨਾਲ, ਆਪ ਹੀ ਗੁਰੂ ਸਾਹਿਬ ਸੁਮੱਤ ਬਖਸ਼ਣ ਤੇ ਇਹ ਉੱਤਮ ਸੇਵਾਵਾਂ ਆਪ ਹੀ ਲੈਂਦੇ ਰਹਿਣ ਜਿਸ ਨਾਲ ਸੰਗਤਾਂ ਦੀਆਂ ਵੱਧ ਤੋਂ ਵੱਧ ਖੁਸ਼ੀਆਂ ਮਿਲਦੀਆਂ ਰਹਿਣ।

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

***—ਸੰਪਾਦਕ***

# ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ

—ਸੰਪਾਦਕ

## ਗੁਰੂ ਕਲਗੀਧਰ ਪਿਤਾ ਜੀ ਨੇ ਨਾਂਦੇੜ ਸਾਹਿਬ ਜਾਣ ਸਮੇਂ ਕਿਹੜੇ ਪੰਜ ਬਚਨ ਬਾਬਾ ਦੀਪ ਸਿੰਘ ਜੀ ਨੂੰ ਦਿੱਤੇ?

ਆਪ ਸਭ ਸੰਗਤਾਂ ਦੀ ਅਸੀਸ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸਿਫਤਿ ਸਾਲਾਹ ਰਸਾਲੇ ਵਿੱਚ ਲੜੀਵਾਰ ਪ੍ਰਕਰਨਾਂ ਦੀ ਸੇਵਾ ਸਤਿਗੁਰੂ ਜੀ ਤਰਸ ਕਰਕੇ ਲੈ ਰਹੇ ਹਨ। 154 ਅੰਕ ਤੋਂ—"ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ" ਪ੍ਰਕਰਨ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਅੰਕ ਵਿੱਚ ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰਿਆਂ ਵਿੱਚੋਂ- ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜੀਵਨ ਦੇ ਕੁਝ ਅੰਸ਼ਾਂ ਦੀ ਵਿਚਾਰ ਸਤਿਗੁਰੂ ਜੀ ਆਪਣੀ ਰਹਿਮਤ ਕਰਕੇ ਆਪ ਹੀ ਸਿਰ 'ਤੇ ਹੱਥ ਰੱਖ ਕੇ ਕਰਵਾਉਣ।

*ਟੋਡੀ ਮਃ ੫ ॥*

*ਮਾਈ ਮੇਰੇ ਮਨ ਕੀ ਪਿਆਸ ॥*
*ਇਕੁ ਖਿਨੁ ਰਹਿ ਨ ਸਕਉ ਬਿਨੁ ਪ੍ਰੀਤਮ ਦਰਸਨ*
*ਦੇਖਨ ਕਉ ਧਾਰੀ ਮਨਿ ਆਸ ॥ ਰਹਾਉ ॥*
*ਸਿਮਰਉ ਨਾਮੁ ਨਿਰੰਜਨ ਕਰਤੇ*
*ਮਨ ਤਨ ਤੇ ਸਭਿ ਕਿਲਵਿਖ ਨਾਸ ॥*
*ਪੂਰਨ ਪਾਰਬ੍ਰਹਮ ਸੁਖਦਾਤੇ*
*ਅਬਿਨਾਸੀ ਬਿਮਲ ਜਾ ਕੋ ਜਾਸ ॥੧॥*
*ਸੰਤ ਪ੍ਰਸਾਦਿ ਮੇਰੇ ਪੂਰ ਮਨੋਰਥ*
*ਕਰਿ ਕਿਰਪਾ ਭੇਟੇ ਗੁਣਤਾਸ ॥*
*ਸਾਂਤਿ ਸਹਜ ਸੂਖ ਮਨਿ ਉਪਜਿਓ*
*ਕੋਟਿ ਸੂਰ ਨਾਨਕ ਪਰਗਾਸ ॥੨॥੫॥੨੪॥*

*(ਅੰਗ ੭੧੬)*

ਬੜੀ ਰੰਗੀ ਰੂਹ ਹੋਈ ਹੈ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਅਖੰਡ ਕੀਰਤਨੀ ਜੱਥੇ ਦੇ ਮੁਖੀ। ਕਿਤਾਬਾਂ ਵਿੱਚ ਜ਼ਿਕਰ ਆਉਂਦਾ ਹੈ, ਉਨ੍ਹਾਂ ਨੂੰ ਇੱਕ ਦਿਨ ਨਾਮ ਦੀ ਬਹੁਤ ਭੁੱਖ ਲੱਗੀ। ਬੇਨਤੀਆਂ ਕੀਤੀਆਂ। ਐਮਨਾਬਾਦ ਸ਼ਹਿਰ। ਅਤਿ ਦੀ ਭੁੱਖ ਲੱਗੀ ਨਾਮ ਦੀ ਤੇ ਇੱਕ ਬਖਸ਼ੀ ਹੋਈ ਆਤਮਾ ਦੇ ਅੰਦਰੋਂ ਨਾਮ ਦੀ ਭੁੱਖ ਦੀ ਤ੍ਰਿਪਤੀ ਵਾਸਤੇ ਉਸ ਵੇਲੇ ਕੀ ਨਿਕਲਿਆ :

*ਹੇ ਗੁਰੂ, ਨਾਮ ਬਖਸ਼ ਦੇ।*

ਦਾਸ ਕੀ ਦੱਸੇ ਇਸ ਦਾ ਸੁਆਦ। ਵੈਰਾਗ ਵਿੱਚ ਅੰਦਰੋਂ ਨਿਕਲਿਆ ਕਿ ਕੀ ਹੁਣ ਇਸੇ ਤਰ੍ਹਾਂ ਹੀ ਨਾਮ ਤੋਂ ਬਿਨਾਂ ਉਮਰ ਲੰਘ ਜਾਵੇਗੀ। ਕਿਰਪਾ ਕਰੋ, ਤਰਸ ਕਰੋ, ਹੇ ਧੰਨ ਸ੍ਰੀ ਗੁਰੂ ਕਲਗੀਧਰ ਪਿਤਾ ਜੀ, ਨਾਮ ਬਖਸ਼ ਦਿਓ। ਇੱਕ ਹੋਰ ਭਿੱਜੀ ਹੋਈ ਆਤਮਾ। ਭਾਈ ਸਾਹਿਬ ਭਾਈ ਵੀਰ ਸਿੰਘ ਜੀ, ਬਹੁਤ ਭੁੱਖ ਲੱਗੀ ਨਾਮ ਦੀ। ਨਾਮ ਦੀ ਭੁੱਖ ਲੱਗਣ ਕਰਕੇ ਹਿਰਦੇ ਵਿੱਚੋਂ ਕੀ ਨਿਕਲਿਆ:

***ਕਲਗੀਆਂ ਵਾਲੇ ਅਸੀਂ ਆਏ ਹਾਂ,***
***ਸਾਡੀ ਝੋਲੀ ਨਾਮ ਦਾਨ ਪਾ।***
***ਪਾਪੀ ਹਾਂ, ਦੁਸ਼ਟ ਹਾਂ, ਸਾਡੀ ਬੇੜੀ ਬੰਨੇ ਲਾ।***

ਬੜੀ ਬਖਸ਼ੀ ਆਤਮਾ, ਦਾਸ ਇਹ ਰੰਗੇ ਹੋਇਆਂ ਦੀਆਂ ਕਿਤਾਬਾਂ ਦਾ ਜ਼ਿਕਰ ਬੋਲ ਰਿਹਾ ਹੈ, ਕੋਈ ਕੋਲੋਂ ਨਹੀਂ, ਅਤਿ ਦੀ ਭੁੱਖ ਲੱਗੀ ਬਾਬਾ ਨੰਦ ਸਿੰਘ ਜੀ ਨੂੰ। ਬਾਬਾ ਨੰਦ ਸਿੰਘ ਜੀ ਬਾਬਾ ਮਹਾਂ ਹਰਨਾਮ ਸਿੰਘ ਜੀ ਨੂੰ ਕਹਿੰਦੇ ਬਾਬਾ ਜੀ ਸ਼ਬਦ ਦਾ ਜਾਪ ਕਰਦਿਆਂ ਸਾਹਮਣੇ ਸ਼ਕਤੀਆਂ ਆ ਕੇ ਖਲ੍ਹੋ ਗਈਆਂ, ਕਹਿੰਦੀਆਂ ਹਨ, ਕੁਝ ਸੇਵਾ ਦੱਸੋ। ਬਾਬਾ ਮਹਾਂ ਹਰਨਾਮ ਸਿੰਘ ਜੀ ਕਹਿੰਦੇ, ਹੋਰ ਕੀ ਚਾਹੀਦਾ ਹੈ? ਬਾਬਾ ਨੰਦ ਸਿੰਘ ਜੀ ਨੇ ਬੇਨਤੀ ਕੀਤੀ, ਸ਼ਕਤੀਆਂ ਨਹੀਂ ਚਾਹੀਦੀਆਂ, ਸ਼ਕਤੀਆਂ ਦੇ ਮਾਲਕ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਚਾਹੀਦੇ ਹਨ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਤੋਂ ਥੱਲੇ ਸਮਝੌਤਾ ਹੀ ਨਹੀਂ ਕੋਈ। ਫਿਰ ਮਹਾਂਪੁਰਸ਼ਾਂ ਨੇ ਇਧਰ ਤੋਰਿਆ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਭਿੱਜ ਕੇ ਕੀ ਕਿਹਾ:

***ਧੰਨ ਗੁਰੂ ਨਾਨਕ***
***ਮੈਂ ਤੇਰਾ। ਮੈਂ ਤੇਰਾ। ਮੈਂ ਤੇਰਾ।***
***ਤੂੰ ਮੇਰਾ। ਤੂੰ ਮੇਰਾ। ਤੂੰ ਮੇਰਾ।***

ਭਾਈ ਨੰਦ ਲਾਲ ਜੀ ਨੂੰ ਬੜੀ ਭੁੱਖ ਲੱਗੀ ਤੇ ਗੁਰੂ ਕਲਗੀਧਰ ਪਿਤਾ ਜੀ ਨੂੰ ਕੀ ਕਹਿੰਦੇ ਹਨ:

***ਮੈਂ ਸਤਿਗੁਰੂ ਦੇਖ ਨ ਰੱਜਾਂ।***

ਰਹਰਾਸਿ ਸਾਹਿਬ ਕੀਤੀ। ਅਖੀਰਲੀਆਂ ਪੰਕਤੀਆਂ ਆਈਆਂ, ਇੰਝ ਲੱਗਾ, ਹੁਣ ਸਮਾਪਤੀ ਹੋ ਗਈ ਹੈ ਪਰ ਭਾਈ ਨੰਦ ਲਾਲ ਜੀ ਕਹਿੰਦੇ, ਹੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਮੇਰੇ ਅੰਦਰ ਇਹੋ ਜਿਹੀ ਨਾਮ ਦੀ ਭੁੱਖ ਲਗਾ ਦਿਓ ਕਿ ਮੈਂ ਰੱਜਾਂ ਹੀ ਨਾ, ਭੋਗ ਪਵੇ ਹੀ ਨਾ।

***ਇਹ ਤਨ ਸਾਰਾ ਅੱਖੀਆਂ ਹੋਵਣ***
***ਮੈਂ ਸਤਿਗੁਰੂ ਦੇਖ ਨਾ ਰੱਜਾਂ।***
***ਇੱਕ ਇੱਕ ਰੋਮ ਵਿੱਚ ਕੋਟਿ ਕੋਟਿ ਅੱਖੀਆਂ,***
***ਇੱਕ ਖੋਲ੍ਹਾਂ ਤੇ ਇੱਕ ਕੱਜਾਂ।***

------------

***ਮਾਈ ਮੇਰੇ ਮਨ ਕੀ ਪਿਆਸ॥***
***ਇਕੁ ਖਿਨੁ ਰਹਿ ਨ ਸਕਉ ਬਿਨੁ ਪ੍ਰੀਤਮ ਦਰਸਨ***
***ਦੇਖਨ ਕਉ ਧਾਰੀ ਮਨਿ ਆਸ॥ ਰਹਾਉ॥***

*(ਅੰਗ ੭੧੬)*

ਸਤਿਗੁਰੂ ਜੀ ਕਿਰਪਾ ਕਰਨ। ਇਹੋ ਜਿਹੀਆਂ ਭਿੱਜੀਆਂ ਆਤਮਾਵਾਂ, ਨਾਮ ਦੇ ਰੰਗ ਵਿੱਚ ਰੰਗੀਆਂ ਰੂਹਾਂ ਦੇ ਪਾਵਨ ਜੀਵਨ ਤੇ ਇੱਕ ਪ੍ਰਕਰਨ ਸ਼ੁਰੂ ਕਰ ਰਹੇ ਹਾਂ, ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ। ਆਓ ਸਾਰੇ ਸ਼ਬਣ ਪੜ੍ਹੀਏ:

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।***
***ਗੁਰਮੁਖਿ ਸੁਖ ਫਲੁ ਪਾਇ ਆਪੁ ਗਵਾਇਆ।***
***ਗੁਰਮੁਖਿ ਸਾਖੀ ਸਬਦਿ ਸਿਖਿ ਸੁਣਾਇਆ।***
***ਗੁਰਮੁਖਿ ਸਬਦ ਵੀਚਾਰਿ ਸਚੁ ਕਮਾਇਆ।***
***ਸਚੁ ਰਿਦੈ ਮੁਹਿ ਸਚੁ ਸਚਿ ਸੁਹਾਇਆ।***
***ਗੁਰਮੁਖਿ ਜਨਮੁ ਸਵਾਰਿ ਜਗਤੁ ਤਰਾਇਆ॥੧੨॥***

*(ਵਾਰ ੧੯, ਪਉੜੀ ੧੨)*

ਹੁਣ ਇਸ ਸ਼ਬਦ ਵਿੱਚ ਪੰਕਤੀ ਆਈ ਹੈ:

***ਗੁਰਮੁਖਿ ਸੁਖ ਫਲੁ ਪਾਇ ਆਪੁ ਗਵਾਇਆ।***

ਆਪ ਗਵਾਉਣਾ ਕੀ ਹੈ? ਸੰਗਤ ਜੀ ਜ਼ਿੰਦਗੀ ਵਿੱਚ ਇਹੋ ਜਿਹਾ ਸੁਭਾਅ ਰੱਖੋ, ਕਿਸੇ ਨੂੰ ਕਸਰ ਲਗਾ ਕੇ ਖੁਸ਼ ਨਾ ਹੋਵੋ, ਕਸਰ ਖਾ ਕੇ ਖੁਸ਼ ਹੋਵੋਗੇ, ਜਿਸ ਦਿਨ ਇਹ ਸੁਭਾਅ ਜ਼ਿੰਦਗੀ ਵਿੱਚ ਆ ਗਿਆ। ਸਮਝ ਲਓ, ਅੰਦਰ ਕਿਰਪਾ ਹੋ ਗਈ ਹੈ। ਆਪ ਗਵਾਇਆ, ਆਪਣਾ ਆਪ ਗਵਾਉਣਾ ਆ ਗਿਆ ਹੈ :

***ਗੁਰਮੁਖਿ ਸੁਖ ਫਲੁ ਪਾਇ ਆਪੁ ਗਵਾਇਆ।***
***ਗੁਰਮੁਖਿ ਸਾਖੀ ਸਬਦਿ ਸਿਖਿ ਸੁਣਾਇਆ।***
***(ਵਾਰ ੧੯, ਪਉੜੀ ੧੨)***

ਅੱਜ ਅਸੀਂ ਸਿੱਖ ਪੰਥ ਦੇ ਗੁਰਮੁਖ ਪਿਆਰਿਆਂ ਵਿੱਚੋਂ ਧੰਨ ਧੰਨ ਬਾਬਾ ਦੀਪ ਸਿੰਘ ਜੀ (ਸ਼ਹੀਦ) ਦੇ ਜੀਵਨ ਦੇ ਦਰਸ਼ਨ ਕਰਨੇ ਹਨ। ਉਨ੍ਹਾਂ ਦੇ ਜੀਵਨ ਦੇ ਦਰਸ਼ਨ ਕਰਦਿਆਂ ਉਨ੍ਹਾਂ ਦਾ ਨਾਂ ਲੈ ਕੇ ਕਹਿ ਦੇਈਏ :

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।***
***(ਵਾਰ ੧੯, ਪਉੜੀ ੧੨)***

ਇਹ ਜੋ ਪ੍ਰਕਰਨ ਸਤਿਗੁਰੂ ਜੀ ਨੇ ਸ਼ੁਰੂ ਕਰਵਾਇਆ ਹੈ, ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ, ਇਸ ਵਿੱਚ ਦਰਸ਼ਨ ਕਰਨੇ ਹਨ, ਧੰਨ ਬਾਬਾ ਦੀਪ ਸਿੰਘ ਜੀ ਦੇ ਗੁਣਾਂ ਦੇ। ਉਹ ਬਾਬਾ ਦੀਪ ਸਿੰਘ ਜੀ ਜਿਨ੍ਹਾਂ ਨੂੰ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੁਸ਼ ਹੋ ਕੇ ਦਰਗਾਹ ਦੀਆਂ ਚਾਬੀਆਂ ਹੀ ਦੇ ਦਿੱਤੀਆਂ ਹਨ। ਅਨੁਭਵੀ ਪੁਰਸ਼ਾਂ ਦਾ ਜਿਨ੍ਹਾਂ ਦਾ ਅਨੁਭਵ ਖੁੱਲ੍ਹ ਜਾਂਦਾ ਹੈ, ਅਨੁਭਵੀ ਪੁਰਸ਼ਾਂ ਨੂੰ ਇਹ ਨਜ਼ਰ ਆਉਂਦਾ ਹੈ, ਇਹ ਮਹਿਸੂਸ ਹੁੰਦਾ ਹੈ ਜਿਸ ਤੇ ਬਾਬਾ ਦੀਪ ਸਿੰਘ ਜੀ ਖੁਸ਼, ਉਸ ਤੇ ਗੁਰੂ ਕਲਗੀਧਰ ਪਿਤਾ ਜੀ ਖੁਸ਼। ਇਹ ਅਨੁਭਵੀ ਪੁਰਸ਼ਾਂ ਦੀ ਅਨੁਭਵਤਾ ਹੈ। ਜਿਨ੍ਹਾਂ ਤੇ ਬਾਬਾ ਦੀਪ ਸਿੰਘ ਜੀ ਦੀ ਨਦਰਿ, ਉਨ੍ਹਾਂ ਤੇ ਸਮਝ ਲਓ, ਗੁਰੂ ਕਲਗੀਧਰ ਪਿਤਾ ਜੀ ਦੀ ਨਦਰਿ। ਜਿਸ ਦੇ ਲੇਖੇ ਬਾਬਾ ਦੀਪ ਸਿੰਘ ਜੀ ਨੇ ਪਾੜ ਦਿੱਤੇ, ਉਸ ਦਾ ਲੇਖਾ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਪੁੱਛਦੇ ਹੀ ਨਹੀਂ। ਇੰਨੀਆਂ ਵਡਿਆਈਆਂ ਆਪਣੇ ਪਿਆਰੇ ਭਗਤ ਨੂੰ ਬਖਸ਼ ਦਿੰਦੇ ਹਨ ਕਿਉਂਕਿ ਇੱਕ ਤਾਂ ਹੈ ਕਿਤਾਬ ਪੜ੍ਹ ਕੇ ਬੋਲਣਾ। ਇੱਕ ਹੈ ਸਾਹਮਣੇ ਨਜ਼ਰ ਆ ਰਿਹਾ ਹੈ। ਲੱਖਾਂ ਦੁਨੀਆਂ ਬਾਬਾ ਦੀਪ ਸਿੰਘ ਜੀ ਦੇ ਅਸਥਾਨਾਂ ਤੋਂ ਝੋਲੀਆਂ ਭਰ ਰਹੀਆਂ ਹਨ। ਬਖਸ਼ਿਸ਼ਾਂ ਲੈ ਰਹੀਆਂ ਹਨ, ਰਹਿਮਤਾਂ ਲੈ ਰਹੀਆਂ ਹਨ। ਕਿੱਥੇ ਨਾਗਪੁਰ, ਕਿੱਥੇ ਦਿੱਲੀ, ਕਿੱਥੇ ਬੰਬਈ। ਇੰਨੀ ਇੰਨੀ ਦੂਰੋਂ-ਦੂਰੋਂ ਵੀ ਸੰਗਤਾਂ ਐਤਵਾਰ ਚਾਟੀਵਿੰਡ ਚੌਂਕ ਗੁ: ਸ਼ਹੀਦਗੰਜ ਸਾਹਿਬ ਬਾਬਾ ਦੀਪ ਸਿੰਘ ਜੀ ਦੇ ਦਰ ਤੇ ਸ੍ਰੀ ਅੰਮ੍ਰਿਤਸਰ ਸਾਹਿਬ ਚੁਪਹਿਰਾ ਕੱਟਣ ਆਉਂਦੀਆਂ ਹਨ। ਡਾਕਟਰਾਂ ਦੀਆਂ ਰਿਪੋਰਟਾਂ ਵੀ ਫੇਲ ਹੋ ਜਾਂਦੀਆਂ ਹਨ ਜਿਸ ਤੇ ਬਾਬਾ ਦੀਪ ਸਿੰਘ ਜੀ ਆਪ ਜੀ ਦੀ ਨਦਰਿ ਹੋ ਜਾਵੇ, ਬਖਸ਼ਿਸ਼ ਹੋ ਜਾਵੇ। ਹੁਣ ਤਾਂ ਇੰਨੀ ਮਿਹਰ ਹੋ ਗਈ ਹੈ ਕਿ ਵਿਦੇਸ਼ਾਂ ਤੋਂ ਵੀ ਸੰਗਤਾਂ Special ਸਮਾਂ ਕੱਢ ਕੇ ਟਿਕਟਾਂ ਦਾ ਖਰਚ ਕਰਕੇ ਬਾਬਾ ਜੀ ਦੇ ਅਸਥਾਨ ਗੁ: ਸ਼ਹੀਦਗੰਜ ਸਾਹਿਬ ਚਾਟੀਵਿੰਡ ਚੌਂਕ ਵਿਖੇ ਐਤਵਾਰ ਚੁਪਹਿਰਾ ਕੱਟਣ ਆਉਂਦੀਆਂ ਹਨ। ਕੋਈ ਪਾਰਾਵਾਰ ਹੀ ਨਹੀਂ। ਤੁਸੀਂ ਦੇਖੋ, ਇੰਨੇ ਖਜ਼ਾਨੇ ਬਾਬਾ ਜੀ ਨੇ ਖੋਲ੍ਹ ਦਿੱਤੇ ਹਨ ਕਿ ਐਤਵਾਰ ਕਈ-ਕਈ ਕਿਲੋਮੀਟਰ ਖੜ੍ਹੇ ਹੋ ਕੇ ਸੰਗਤਾਂ ਚੁਪਹਿਰਾ ਕੱਟਦੀਆਂ ਹਨ। ਮੀਂਹ ਹੋਵੇ, ਹਨ੍ਹੇਰੀ ਹੋਵੇ, ਸਰਦੀ ਹੋਵੇ, ਗਰਮੀ ਹੋਵੇ ਪਰ ਸੰਗਤਾਂ ਦੇ ਉਤਸ਼ਾਹ ਵਿੱਚ ਕੋਈ ਕਮੀ ਨਹੀਂ।

ਸਾਬੋ ਕੀ ਤਲਵੰਡੀ। ਇੱਕ ਤੰਬੂ ਵਿੱਚ ਸਾਡੇ ਪਿਤਾ ਜੀ ਬੈਠੇ ਹਨ, ਗੁਰੂ ਕਲਗੀਧਰ ਪਿਤਾ ਜੀ। ਦੂਜੇ ਤੰਬੂ ਵਿੱਚ ਭਾਈ ਮਨੀ ਸਿੰਘ ਜੀ ਤੇ ਬਾਬਾ ਦੀਪ ਸਿੰਘ ਜੀ ਬੈਠੇ ਹਨ। ਨੌਂ ਮਹੀਨੇ, ਨੌਂ ਦਿਨ, ਨੌਂ ਘੜੀਆਂ ਵਿੱਚ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਮਹਾਰਾਜ ਨੇ ਸਾਰੀ ਬਾਣੀ ਜ਼ਬਾਨੀ ਉਚਾਰਨ ਕੀਤੀ। ਭਾਈ ਮਨੀ ਸਿੰਘ ਜੀ ਨੇ ਲਿਖੀ ਹੈ। ਬਾਬਾ ਦੀਪ ਸਿੰਘ ਜੀ ਨੇ ਕਾਗਜ਼, ਸਿਆਹੀ, ਕਲਮਾਂ, ਉਤਲਾ ਇੰਤਜ਼ਾਮ ਪੂਰੀ ਭਾਵਨਾ ਨਾਲ ਕੀਤਾ ਹੈ। ਉਸੇ ਸਰੂਪ ਨੂੰ ਕਹਿੰਦੇ ਹਨ, ਦਮਦਮੀ ਸਰੂਪ। ਉਸ ਦੇ ਫਿਰ ਉਤਾਰੇ ਹੋਏ ਹਨ। ਬਾਬਾ ਦੀਪ ਸਿੰਘ ਜੀ ਨੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀਆਂ ਖੁਸ਼ੀਆਂ ਲਈਆਂ ਹਨ। ਤੇ ਹੁਣ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬਾਬਾ ਜੀ ਨੂੰ ਕਹਿੰਦੇ ਹਨ, ਅਸੀਂ ਦੱਖਣ ਨਾਂਦੇੜ ਸਾਹਿਬ ਜਾ ਰਹੇ ਹਾਂ ਜਿਸ ਨੂੰ ਅੱਜ ਤੁਸੀਂ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਕਹਿੰਦੇ ਹੋ, ਜਿਸ ਅਸਥਾਨ ਨੂੰ ਪਿਆਰ ਨਾਲ ਸ੍ਰੀ ਅਬਚਲ ਨਗਰ ਕਿਹਾ ਜਾਂਦਾ ਹੈ। ਉਹ ਸਿੱਖ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਕਿੰਨੇ ਨੇੜੇ ਹੋਣਗੇ ਜਿਨ੍ਹਾਂ ਨੂੰ ਮਹਾਰਾਜ ਜੀ ਇਹ ਡਿਊਟੀ ਦੇ ਰਹੇ ਹਨ, ਭਾਈ ਦੀਪ ਸਿੰਘ ਜੀ, ਅਸੀਂ ਨਾਂਦੇੜ ਸਾਹਿਬ ਜਾ ਰਹੇ ਹਾਂ, ਅਗਲੀਆਂ ਡਿਊਟੀਆਂ ਉਧਰ ਹਨ। ਇਸ ਅਸਥਾਨ ਦੀ ਸਾਰੀ ਜ਼ਿੰਮੇਵਾਰੀ ਤੁਸੀਂ ਸੰਭਾਲੋ। ਤੁਸੀਂ ਡਿਊਟੀ ਦਿਓ। ਬਾਬਾ ਜੀ ਕਹਿੰਦੇ, ਸਤਿ ਬਚਨ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜਾਣ ਲੱਗਿਆ, ਸਾਬੋ ਕੀ ਤਲਵੰਡੀ, ਬਾਬਾ ਦੀਪ ਸਿੰਘ ਜੀ ਨੂੰ ਸਾਰੀ ਜ਼ਿੰਮੇਵਾਰੀ ਦੇ ਕੇ ਕੀ ਕਹਿੰਦੇ ਹਨ, ਅਸੀਂ ਨਾਂਦੇੜ ਸਾਹਿਬ ਜਾ ਰਹੇ ਹਾਂ, ਸਾਡੇ ਕੁਝ ਬਚਨ ਲਿਖ ਲਓ। ਉਸ ਤੇ ਪਹਿਰਾ ਦੇਣਾ ਹੈ। ਹੁਣ ਇੱਥੇ ਆ ਕੇ ਤੁਹਾਨੂੰ ਸਿੱਧੀ ਸੜਕ ਮਿਲੇਗੀ ਕਿ ਸਾਡੇ ਗੁਰੂ ਸਾਹਿਬ ਕੀ ਚਾਹੁੰਦੇ ਹਨ ਕਿ ਮੇਰੇ ਸਿੱਖ ਕਿਹੋ ਜਿਹੇ ਹੋਣ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਾਂਦੇੜ ਜਾਣ ਲੱਗਿਆਂ, ਸਾਬੋ ਕੀ ਤਲਵੰਡੀ ਪੰਜ ਬਚਨ ਲਿਖਾਏ। ਬਾਬਾ ਜੀ ਨੇ ਕਲਮ, ਕਾਗਜ਼ ਫੜ ਲਿਆ। ਮਹਾਰਾਜ ਜੀ, ਹੁਕਮ। ਕਿਹੋ ਜਿਹਾ ਸੀਨ ਹੋਵੇਗਾ? ਕਿਹੋ ਜਿਹਾ ਸਮਾਂ ਹੋਵੇਗਾ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਿਆਰ ਵਿੱਚ ਕਹਿੰਦੇ, ਭਾਈ ਦੀਪ ਸਿੰਘ ਜੀ, ਸਾਡਾ ਪਹਿਲਾ ਬਚਨ ਲਿਖੋ। ਇਸ ਨੂੰ ਸੰਭਾਲਣਾ ਹੈ, ਨਿਭਾਉਣਾ ਹੈ। **ਪਹਿਲਾ ਬਚਨ** ਕੀ ਲਿਖਾਇਆ, **ਧੁਰ ਕੀ ਬਾਣੀ ਦਾ ਪ੍ਰਚਾਰ ਕਰਦੇ ਰਹਿਣਾ।** ਸਤਿਗੁਰੂ ਜੀ ਨੂੰ ਪਤਾ ਸੀ। ਵਾਸਤੂ ਸ਼ਾਸ਼ਤਰ ਨੇ ਵੀ ਜ਼ੋਰ ਪਾ ਦੇਣਾ ਹੈ, ਟੇਵਿਆਂ ਨੇ ਵੀ, ਰਾਸ਼ੀਆਂ ਨੇ ਵੀ, ਗ੍ਰਹਿਾਂ ਨੇ ਵੀ। ਇੰਨੀਆਂ ਦੁਕਾਨਾਂ ਝੂਠ ਦੀਆਂ ਖੁੱਲ੍ਹ ਜਾਣੀਆਂ ਹਨ ਤੇ ਬਾਬਾ ਜੀ ਦੀ ਡਿਊਟੀ ਲਗਾਈ ਕਿ ਅਸਲੀ ਵਣਜ ਹੈ, ਗੁਰੂ ਕੇ ਸਿੱਖ ਕਿਤੇ ਇਸ ਗੁਰਬਾਣੀ ਨਾਲੋਂ ਨਾ ਟੁੱਟ ਜਾਣ, ਧੁਰ ਕੀ ਬਾਣੀ ਦਾ ਪ੍ਰਚਾਰ ਕਰਦੇ ਰਹਿਣਾ। ਸਾਰੀ ਸੰਗਤ ਨੂੰ ਬੇਨਤੀ ਹੈ ਕਿ ਬਾਣੀ ਤੋਂ ਬਿਨਾਂ ਤੁਰਿਆ ਹੀ ਨਾ ਕਰੋ। ਇਸ ਦੇ ਬਿਨਾਂ ਹਿਲਿਆ ਹੀ ਨਾ ਕਰੋ। ਸੂਈ ਤੋਂ ਲੈ ਕੇ ਹਾਥੀ ਤੱਕ ਜਿੰਨਾ ਵੀ ਕੰਮ ਹੈ, ਸਾਡੇ ਦਿਮਾਗ ਦਾ ਚੈਨਲ ਜਾਵੇ ਤੇ ਸਿਰਫ ਜਪੁ ਜੀ ਸਾਹਿਬ ਵੱਲ ਜਾਵੇ। ਸਾਡੇ ਦਿਮਾਗ ਦਾ ਚੈਨਲ ਜਾਵੇ, ਸ੍ਰੀ ਸੁਖਮਨੀ ਸਾਹਿਬ ਵੱਲ ਜਾਵੇ, ਸ੍ਰੀ ਚੌਪਈ ਸਾਹਿਬ ਵੱਲ ਜਾਵੇ। ਦਾਸ ਸੱਚ ਕਹਿੰਦਾ ਹੈ, ਦੂਸਰੇ ਪਾਸੇ ਭਟਕਣਾ ਹੀ ਭਟਕਣਾ ਹੈ। ਕਿਸੇ ਨੇ ਤੁਹਾਡੇ ਤੇ ਕੁਝ ਕੀਤਾ ਹੈ, ਵਾਰ ਹੋਇਆ ਹੈ, ਆਹ ਹੋ ਗਿਆ। ਦਾਸ ਬੇਨਤੀ ਕਰਦਾ ਹੈ, ਹਉਮੈ ਵਿੱਚ ਨਹੀਂ, ਨਿਮਰਤਾ ਵਿੱਚ ਪਹਿਲਾਂ ਆਪਣੀ ਬੈਟਰੀ ਚਾਰਜ ਕਰੋ। ਫਿਰ ਜਿੰਨੇ ਸੰਪਰਕ ਹੋਣ, ਉਨ੍ਹਾਂ ਦੀਆਂ ਬੈਟਰੀਆਂ ਚਾਰਜ ਕਰੋ। ਜਿਹੜਾ ਬਚਨ ਗੁਰੂ ਕਲਗੀਧਰ ਪਿਤਾ ਜੀ ਨੇ ਬਾਬਾ ਦੀਪ ਸਿੰਘ ਜੀ ਨੂੰ ਦਿੱਤਾ, ਥੋੜ੍ਹਾ-ਥੋੜ੍ਹਾ ਅਸੀਂ ਵੀ ਉਸ ਦੀ ਸੇਵਾ ਕਰੀਏ। ਇਹ ਚੀਜ਼ਾਂ ਪਹੁੰਚਾਓ।

ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ ਮਹਾਂਪੁਰਸ਼ਾਂ ਦਾ ਬਚਨ, ਆਪਣੇ ਸੰਪਰਕ ਵਾਲਿਆਂ ਤੱਕ ਪਹੁੰਚਾਓ, ਕੀ ਬਚਨ। ਕਹਿੰਦੇ ਸਨ, ਜਿਸ

ਘਰ ਵਿੱਚ ਸੂਰਜ ਦੀ ਟਿੱਕੀ ਨਿਕਲਣ ਤੋਂ ਪਹਿਲਾਂ ਇੱਕ ਪਾਠ ਸ੍ਰੀ ਸੁਖਮਨੀ ਸਾਹਿਬ ਜੀ ਦੀ ਹਾਜ਼ਰੀ ਲੱਗ ਜਾਵੇ, ਉਸ ਪਰਿਵਾਰ ਦਾ ਕੋਈ ਵਾਲ ਵਿੰਗਾ ਨਹੀਂ ਕਰ ਸਕਦਾ। **ਬਾਬਾ ਨੰਦ ਸਿੰਘ ਜੀ ਦਾ ਬਚਨ, ਬੱਚਾ ਜਨਮ ਲਏ, ਉਸ ਦਾ ਦਾਦਾ ਜਾਂ ਦਾਦੀ, ਮਾਤਾ ਜਾਂ ਪਿਤਾ, ਇੱਕ ਸਾਲ ਰੋਜ਼ਾਨਾ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਬੱਚੇ ਨੂੰ ਸਰਵਣ ਕਰਵਾਵੇ ਬੱਚਾ ਭਾਵੇਂ ਸੁੱਤਾ ਹੈ, ਭਾਵੇਂ ਦੁੱਧ ਪੀ ਰਿਹਾ ਹੈ ਤੇ ਭਾਵੇਂ ਖੇਡਦਾ ਪਿਆ ਹੈ, ਘਰ ਚੋਂ ਕੋਈ ਵੀ ਸਰੀਰ ਦਾਦਾ-ਦਾਦੀ ਜਾਂ ਮਾਤਾ-ਪਿਤਾ, ਕੋਈ ਵੀ ਇੱਕ ਪਾਠ ਸ੍ਰੀ ਸੁਖਮਨੀ ਸਾਹਿਬ ਜੀ ਦਾ ਨੀਯਮ ਨਾਲ ਸਰਵਣ ਕਰਵਾਵੇ, ਬਾਬਾ ਨੰਦ ਸਿੰਘ ਜੀ ਦਾ ਬਚਨ, ਉਹ ਬੱਚਾ ਕਦੀ ਮਨਮੁੱਖ ਨਹੀਂ ਨਿਕਲੇਗਾ।** ਇਹ ਜਿੰਨੀ ਸੰਗਤ ਬੈਠੀ ਹੈ। ਸ੍ਰੀ ਬਿਬੇਕਸਰ ਸਾਹਿਬ ਦੀ ਧਰਤੀ ਤੇ ਬਖਸ਼ਿਸ਼ ਕੀਤੀ। ਕਿਸੇ ਦੀ ਬੁੱਧੀ ਮਲੀਨ ਹੋ ਜਾਵੇ, ਛੇਵੇਂ ਪਾਤਸ਼ਾਹ ਜੀ ਨੇ ਬਚਨ ਕੀਤਾ ਹੈ। ਇੱਥੇ ਜਦੋਂ ਇਸ਼ਨਾਨ ਕਰੇਗਾ, ਜਪੁਜੀ ਸਾਹਿਬ ਦੀ ਬਾਣੀ ਦਾ ਸਹਾਰਾ ਲਵੇਗਾ, ਉਸ ਦੀ ਮਲੀਨ ਬੁੱਧੀ ਬਿਬੇਕ ਬਣੇਗੀ। ਇਹ ਸੁਨੇਹਾ ਘਰ-ਘਰ ਪਹੁੰਚਾਉਣਾ ਹੈ। ਇਹ ਸਾਡੀ ਅਮੀਰੀ ਹੈ।

ਜਲੰਧਰ ਦੇ ਇੱਕ ਸਰੀਰ ਨੂੰ ਡਿਪਰੈਸ਼ਨ ਦੀ ਬੀਮਾਰੀ ਹੋ ਗਈ ਸੀ, ਟੈਨਸ਼ਨ ਹੋ ਗਈ ਸੀ, ਡਿਪਰੈਸ਼ਨ ਦੀਆਂ ਦਸ ਬਾਰਾਂ ਨਿਸ਼ਾਨੀਆਂ ਹਨ। ਜਿਸ ਨੂੰ ਹੋ ਜਾਵੇ, ਇਸ ਤੋਂ ਭੈੜੀ ਬਿਮਾਰੀ ਕੋਈ ਨਹੀਂ, ਦਵਾਈਆਂ ਕੇਵਲ ਨੀਂਦਰ ਦੀਆਂ ਹਨ। ਉਹ ਵੀ ਦਿਵਾਉਣੀਆਂ ਹਨ। ਕਰੋੜਾਂ ਦਾ ਬਿਜ਼ਨਸ ਸੀ, ਜਲੰਧਰ ਦੇ ਉਸ ਸਰੀਰ ਦਾ। ਸ਼ੋਅ ਰੂਮ ਵਿੱਚ ਦਸ ਨੌਕਰ ਕੰਮ ਕਰਦੇ ਸਨ, ਡਿਪਰੈਸ਼ਨ ਹੋ ਗਿਆ। ਦਾਸ ਹੈਰਾਨ ਹੈ, ਬਾਬਾ ਜੀ ਕਿਵੇਂ ਥੱਲੇ ਲਾਹ ਦਿੰਦੇ ਹਨ। ਥੱਲੇ ਵਾਲੇ ਨੂੰ ਉੱਤੇ ਲੈ ਜਾਂਦੇ ਹਨ।

***ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ ॥***

*(ਅੰਗ ੧੨੫੨)*

ਜਦੋਂ ਉਸ ਨੂੰ ਡਿਪਰੈਸ਼ਨ ਹੋ ਗਈ, ਦਾਸ ਖੁਦ ਉਸ ਦੇ ਘਰ ਗਿਆ। ਦਾਸ ਆਪ ਹੈਰਾਨ ਹੋਇਆ। ਦਾਸ ਨਾਂ ਨਹੀਂ ਬੋਲਣਾ ਚਾਹੁੰਦਾ। ਕਿਹੜਾ ਇਲਾਕਾ ਹੈ। ਘਰ ਗਿਆ, ਦੁਕਾਨ ਦੀ ਗੱਦੀ ਤੇ ਬੈਠ ਕੇ ਕਰੋੜਾਂ ਦਾ ਬਿਜ਼ਨਸ ਕਰਨ ਵਾਲਾ, ਦਸ ਨੌਕਰ ਸ਼ੋਅ ਰੂਮ ਵਿੱਚ ਕੰਮ ਕਰਨ ਵਾਲੇ, ਇਹੋ ਜਿਹੀਆਂ ਗੱਲਾਂ ਕਰੀ ਜਾਵੇ, ਇੱਕ ਗੱਲ ਨੂੰ ਵੀਹ ਵੀਹ ਵਾਰੀ ਰਿਪੀਟ ਕਰੀ ਜਾਵੇ। ਹੁਣ ਵੇਖੋ ਉਹ ਸ਼ੋਅ ਰੂਮ ਤੇ ਕੀ ਬੈਠੇਗਾ। ਉਹ ਕੀ ਉੱਥੇ ਡਿਊਟੀ ਦੇਵੇਗਾ। ਇੱਥੋਂ ਤੱਕ ਕਿ ਸੰਗਤ ਜੀ, ਸ਼ੋਅ ਰੂਮ ਨੂੰ ਤਾਲੇ ਲੱਗ ਗਏ। ਦਾਸ ਹੈਰਾਨ ਹੋ ਗਿਆ। ਇੰਨਾ ਉਤਾਂਹ ਤੋਂ ਥੱਲੇ ਲੈ ਜਾਂਦਾ ਹੈ, ਇੱਕ ਮਿੰਟ ਵਿੱਚ। ਨਿੱਕੀ ਜਿਹੀ ਡਿਪਰੈਸ਼ਨ ਦੀ ਬਿਮਾਰੀ ਹੀ ਹੋਈ ਹੈ। ਦਿਮਾਗ ਦੀ ਖੇਡ ਹੈ। ਗੱਲਾਂ ਹੋਰ ਤਰ੍ਹਾਂ ਕਰੀ ਜਾਵੇ। ਹੁਣ ਕਿਵੇਂ ਕੰਮ ਲਵੇ, ਨੌਕਰਾਂ ਤੋਂ। ਪਰਿਵਾਰ ਵਿੱਚ ਹੋਰ ਕੋਈ ਮੈਂਬਰ ਨਹੀਂ ਜਿਹੜਾ ਜਾ ਕੇ ਸੰਭਾਲ ਲਵੇ। ਕਰੋੜਾਂ ਦੇ ਸ਼ੋਅ ਰੂਮ ਨੂੰ ਤਾਲੇ ਲੱਗ ਗਏ। ਕਰੋੜਾਂ ਦੇ ਬਿਜ਼ਨਸ ਬੰਦ ਹੋ ਗਏ। ਨਿੱਕੀ ਜਿਹੀ ਡਿਪਰੈਸ਼ਨ ਹੋ ਗਈ। ਯਕੀਨ ਜਾਣਨਾ, ਗੁਰੂ ਸਾਹਿਬ ਅੱਗੇ ਅਰਦਾਸ ਕੀਤੀ। ਇਸ ਦੀ ਦਵਾਈ ਸਿੱਖੀ ਵਿੱਚ ਕਿੱਥੇ ਹੈ? ਫਿਰ ਉਨ੍ਹਾਂ ਨੂੰ ਬੇਨਤੀ ਕੀਤੀ, ਪੰਜ ਪਾਠ ਸ੍ਰੀ ਸੁਖਮਨੀ ਸਾਹਿਬ ਜੀ ਦੇ ਰੋਜ਼ ਦੇ ਘਰ ਵਧਾਓ, ਜਲ ਰੱਖ ਕੇ। ਜਲ ਇਸ ਨੂੰ ਪਿਲਾਓ ਤੇ ਹਰ ਮਹੀਨੇ ਬਾਅਦ ਕਾਰ ਵਿੱਚ ਨੰਗੇ ਪੈਰੀਂ ਬੈਠ ਕੇ ਕੋਈ ਮੋਬਾਈਲ ਤੇ ਗੱਲ ਨਹੀਂ ਕਰਨੀ, ਕੋਈ ਦੁਨਿਆਵੀ ਗੱਲ ਨਹੀਂ, ਕਿੱਥੇ ਜਾਣਾ ਹੈ, ਮਹੀਨੇ ਬਾਅਦ? ਅੰਬਾਲੇ ਦੇ ਕੋਲ ਗੁਰਦੁਆਰਾ ਸ੍ਰੀ ਪੰਜੋਖਰਾ ਸਾਹਿਬ। ਬਾਲਾ ਪ੍ਰੀਤਮ, ਧੰਨ ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਗੁਰਦੁਆਰਾ ਜਿੱਥੇ ਉਨ੍ਹਾਂ ਨੇ ਛੱਜੂ ਝੀਵਰ ਨੂੰ ਛੜੀ ਲਗਾ ਕੇ ਗੀਤਾ ਦਾ ਗਿਆਨ ਕਰਵਾ ਦਿੱਤਾ। ਉਨ੍ਹਾਂ ਦੇ ਚਰਨਾਂ ਵਿੱਚ

ਜਾਣਾ ਹੈ, ਮਹਾਰਾਜ ਜੀ, ਕਿਰਪਾ ਕਰ ਦਿਓ। ਯਕੀਨ ਜਾਣਨਾ। ਰਸਤੇ ਦੀ ਵਿਧੀ ਦੱਸੀ। ਚਾਰ ਵਾਰੀ ਵਾਹਿਗੁਰੂ-ਵਾਹਿਗੁਰੂ ਜਪਣਾ ਹੈ, ਪੰਜਵੀਂ ਵਾਰੀ ਬੋਲਣਾ ਹੈ, ਧੰਨ ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਤੇ ਛੇਵੀਂ ਵਾਰੀ ਬੋਲਣਾ ਹੈ, ***ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੈ ਸਭ ਦੁਖ ਜਾਇ ॥*** ਫਿਰ ਬੋਲਣਾ ਹੈ। ਸਤਿਨਾਮੁ ਸ੍ਰੀ ਵਾਹਿਗੁਰੂ। ਇਹ ਜਾਪ ਕਰਦੇ ਜਾਣਾ ਹੈ। ਉੱਥੇ ਇਸ਼ਨਾਨ ਕਰਵਾਉਣਾ ਹੈ। ਇੱਕ ਪਾਠ ਸ੍ਰੀ ਸੁਖਮਨੀ ਸਾਹਿਬ ਜੀ ਦਾ ਕਰਨਾ ਹੈ ਤੇ ਬਾਲਾ ਪ੍ਰੀਤਮ ਜੀ ਦੇ ਚਰਨਾਂ ਵਿੱਚ ਦੇਗ ਲੈ ਕੇ ਅਰਦਾਸ ਕਰਨੀ ਹੈ। ਪੰਜ ਮਹੀਨੇ ਹਾਜ਼ਰੀਆਂ ਭਰੋ। ਯਕੀਨ ਜਾਣਨਾ, ਇਹ ਡਿਪਰੈਸ਼ਨ, ਟੈਨਸ਼ਨ ਕਈ ਵਾਰੀ ਪੰਜ-ਪੰਜ ਸਾਲ ਰਾਜ਼ੀ ਨਹੀਂ ਹੁੰਦੀ, ਬੜਾ ਲੰਬਾ ਸਮਾਂ ਲੈ ਜਾਂਦੀ ਹੈ। ਪਰ ਜਦੋਂ ਵੀਹ ਪੰਞੀ ਦਿਨ ਬਾਅਦ ਪਹਿਲੀ ਹਾਜ਼ਰੀ ਤੋਂ ਬਾਅਦ ਹੀ ਸ਼ੋਅ ਰੂਮ ਜਾਣਾ ਸ਼ੁਰੂ ਹੋ ਗਿਆ, ਸਭ ਕੁਝ ਕਰਨਾ ਸ਼ੁਰੂ ਹੋ ਗਿਆ। ਦਾਸ ਦੀ ਖੁਦ ਭਾਵਨਾ ਵੱਧ ਗਈ ਕਿ ਸੰਗਤਾਂ ਵਿੱਚ ਇਹ ਐਡਰੈਸ ਵੰਡਣ ਦੀ ਲੋੜ ਹੈ, ਇੰਨੇ ਅਸੀਂ ਅਮੀਰ ਹਾਂ। ਇੰਨੀਆਂ ਸਾਡੇ ਕੋਲ ਬਖਸ਼ਿਸ਼ਾਂ ਹਨ। ਬਾਲਾ ਪ੍ਰੀਤਮ ਜੀ ਨੇ ਕੇਵਲ ਉਦੋਂ ਹੀ ਛੜੀ ਨਹੀਂ ਲਗਾਈ, ਅੱਜ ਵੀ ਸ਼ਰਧਾ ਨਾਲ ਹਾਜ਼ਰੀ ਭਰਨ ਵਾਲਿਆਂ ਦੇ ਸਿਰ ਸੁਰਤੀ ਨਾਲ ਛੜੀਆਂ ਲਗਾ ਰਹੇ ਹਨ। ਜੇ ਉਸ ਜਲੰਧਰ ਦੇ ਸਰੀਰ ਨੇ ਪੰਜ ਪਾਠ ਸੁਖਮਨੀ ਸਾਹਿਬ ਦੇ ਕੀਤੇ ਹਨ ਤੇ ਉਹ ਕਿਸ ਨਾਲ ਜੁੜਿਆ ਹੈ, ਧੁਰ ਕੀ ਬਾਣੀ ਨਾਲ। ਜੇ ਪਰਿਵਾਰ ਰਸਤੇ ਵਿੱਚ ਕਾਰ ਵਿੱਚ ਕੋਈ ਮੋਬਾਇਲ ਅਟੈਂਡ ਨਹੀਂ ਕਰ ਰਿਹਾ, ਚਾਰ ਵਾਰੀ ਵਾਹਿਗੁਰੂ ਤੇ ***ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੈ ਸਭ ਦੁਖ ਜਾਇ ॥*** ਬੋਲਦਾ ਜਾ ਰਿਹਾ ਹੈ ਤੇ ਕਿਸ ਨਾਲ ਜੁੜਿਆ ਹੈ, ਬਾਣੀ ਨਾਲ ਜੁੜਿਆ ਹੈ। ਇਹੋ ਜਿਹਾ ਪ੍ਰਚਾਰ, ਇਹੋ ਜਿਹੀਆਂ ਡਿਊਟੀਆਂ ਜਦੋਂ ਗੁਰੂ ਸਾਹਿਬ ਆਪ ਕਿਰਪਾ ਕਰਕੇ ਤੁਹਾਡੇ ਕੋਲੋਂ ਲੈਣ ਤੇ ਸਮਝ ਲੈਣਾ, ਜਿਹੜੇ ਬਚਨ ਗੁਰੂ ਸਾਹਿਬ ਜੀ ਨੇ ਬਾਬਾ ਦੀਪ ਸਿੰਘ ਜੀ ਨੂੰ ਦਿੱਤੇ, ਗਰੀਬ ਨਿਵਾਜ, ਇੱਕ ਕਿਨਕਾ ਗਰੀਬ ਨਿਵਾਜ, ਸੱਚੇ ਪਾਤਸ਼ਾਹ, ਸਾਡੇ ਤੋਂ ਵੀ ਸੇਵਾ ਲੈਣੀ, ਬਾਣੀ ਨਾਲ ਜੁੜੀਏ ਤੇ ਜੋੜੀਏ।

ਪੱਤੇ-ਪੱਤੇ ਵਿੱਚ ਵੱਸਣ ਵਾਲੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪ ਪਰਮੇਸ਼ਰ ਹਨ। ਜਿਵੇਂ ਭਾਖੜਾ ਡੈਮ ਤੋਂ ਬਿਜਲੀ ਆਉਂਦੀ ਹੈ ਤੇ ਫਿਰ ਅੱਗੇ ਜਾ ਕੇ ਛੋਟੇ-ਛੋਟੇ ਟਰਾਂਸਫਾਰਮਰਾਂ ਤੋਂ ਅੱਗੇ ਸਪਲਾਈ ਜਾਂਦੀ ਹੈ। ਤੇ ਬਾਜ਼ਾਂ ਵਾਲੇ ਸਤਿਗੁਰੂ ਜੀ ਆਪ ਪਰਮੇਸ਼ਰ ਦਾ ਰੂਪ ਹਨ, ਭਾਖੜਾ ਡੈਮ। ਉੱਥੋਂ ਹੀ ਸਾਰੀ ਬਿਜਲੀ ਆਉਂਦੀ ਹੈ। ਐਵੇਂ ਨਹੀਂ, ਇਹ ਚੀਜ਼ਾਂ ਅੰਦਰ ਲਿਆਓ। ਸਾਂਈਂ ਮੀਆਂ ਮੀਰ ਜੀ ਨੇ ਜਹਾਂਗੀਰ ਨੂੰ ਕਹਿ ਦਿੱਤਾ ਸੀ, ਅਸੀਂ ਜਿੰਨੇ ਪੀਰ ਹਾਂ, ਹਰ ਸੱਤਵੇਂ ਦਿਨ ਅਸੀਂ ਸੁਰਤੀ ਕਰਕੇ, ਆਤਮਾ ਕਰਕੇ ਦਰਗਾਹ ਵਿੱਚ ਜਦੋਂ ਜਾਂਦੇ ਹਾਂ ਤਾਂ ਇਹੋ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਰਗਾਹ ਵਿੱਚ ਬੈਠੇ ਹੁੰਦੇ ਹਨ ਜਿਨ੍ਹਾਂ ਨੂੰ ਅਸੀਂ ਨਮਸਕਾਰ ਕਰਕੇ ਆਉਂਦੇ ਹਾਂ। ਇਹ ਭਾਵਨਾ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੇ ਰੱਖਣੀ ਹੈ। ਕਲਗੀਧਰ ਪਾਤਸ਼ਾਹ ਜੀ ਆਪ ਰੱਬ ਹਨ।

***ਵਹ ਪ੍ਰਗਟਿਓ ਪੁਰਖ ਭਗਵੰਤ ਰੂਪ ਗੁਰ ਗੋਬਿੰਦ ਸੂਰਾ ॥***
***(ਵਾਰ ੪੧, ਪਉੜੀ ੧੪)***

ਇੱਕ ਹੁੰਦੇ ਹਨ, ਬਿੰਦੀ ਪੁੱਤਰ, ਇੱਕ ਹੁੰਦੇ ਹਨ, ਨਾਦੀ ਪੁੱਤਰ। ਬਿੰਦੀ, ਸਤਿਗੁਰੂ ਜੀ ਦੇ ਆਪਣੇ, ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਹਿ ਸਿੰਘ ਜੀ ਤੇ ਨਾਦੀ ਪੁੱਤਰ ਜਿਹੜੇ ਸ਼ਬਦ ਰਾਹੀਂ ਹੁੰਦੇ ਹਨ। ਬਾਬਾ ਦੀਪ ਸਿੰਘ ਜੀ ਬਾਜਾਂ

ਵਾਲੇ ਦੇ ਨਾਦੀ ਪੁੱਤਰ ਹਨ।

**ਪਹਿਲਾ ਬਚਨ** ਲਿਖਾਇਆ, ਲਿਖਿਆ ਕੀ? **ਧੁਰ ਕੀ ਬਾਣੀ ਦਾ ਪ੍ਰਚਾਰ ਕਰਦੇ ਰਹਿਣਾ।** ਦੂਜਾ ਬਚਨ ਲਿਖਾਇਆ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ, ਇਸ ਵਿੱਚ ਕਈ ਪਿੱਛੇ ਹਨ ਤੇ ਅੱਜ ਬੈਟਰੀ ਚਾਰਜ ਕਰਨਾ। **ਦੂਜਾ ਬਚਨ** ਲਿਖਾਇਆ, **ਅੰਮ੍ਰਿਤ ਛਕਾ ਕੇ ਸਿੰਘ ਸਜਾਉਂਦੇ ਰਹਿਣਾ।** ਇੱਥੋਂ ਅੰਦਾਜ਼ਾ ਲਗਾ ਲੈਣਾ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਖੁਸ਼ੀ ਕਿੱਥੇ ਹੈ। ਜਿੰਨੀਆਂ ਸੰਗਤਾਂ ਬੈਠੀਆਂ ਹਨ, ਬੋਝ ਪਾ ਕੇ ਨਾ ਅੰਮ੍ਰਿਤ ਛਕਣਾ, ਜਦੋਂ ਵੀ ਅੰਮ੍ਰਿਤ ਛਕਣਾ ਹੈ, ਇਹੋ ਜਿਹੇ ਚਾਅ ਨਾਲ ਛਕਣਾ ਹੈ, ਜਿਹੜਾ ਬਾਜਾਂ ਵਾਲੇ ਦਾ ਗਾਤਰਾ ਪਾਇਆ ਹੋਵੇ, ਉਸ ਤੇ ਇੰਨਾ ਮਾਣ ਹੋਵੇ ਕਿ ਇਹ ਮੈਂ ਕੱਪੜੇ ਦਾ ਗਾਤਰਾ ਨਹੀਂ ਪਾਇਆ, ਆਪਣੇ ਬਾਜਾਂ ਵਾਲੇ ਦਾ ਨੌ-ਲੱਖਾ ਹਾਰ ਗਲ ਵਿੱਚ ਪਾਇਆ ਹੋਇਆ ਹੈ। ਦਾਸ ਦੀ ਬੇਨਤੀ ਹੈ ਕਿ ਜਿਹੜਾ ਵੀ ਸਰੀਰ ਅੰਮ੍ਰਿਤ ਦੀ ਦਾਤ ਵਿੱਚ ਪਿੱਛੇ ਹੈ, ਉਸ ਵਿੱਚ ਵੀ ਅੱਗੇ ਆਓ, ਬਹੁਤ ਜ਼ਰੂਰੀ ਹੈ।

ਕਿਸੇ ਐਕਟਰ ਨੇ ਤੁਹਾਡੀ ਬਾਂਹ ਨਹੀਂ ਫੜਨੀ, ਕਿਸੇ ਡਰਾਮਿਆਂ ਵਿੱਚ ਕੰਮ ਕਰਨ ਵਾਲੇ ਨੇ ਤੁਹਾਡੀ ਬਾਂਹ ਨਹੀਂ ਫੜਨੀ, ਹਰ ਛੇ ਮਹੀਨੇ ਬਾਅਦ ਅੱਠ ਮਹੀਨੇ ਬਾਅਦ, ਦਸ ਮਹੀਨੇ ਬਾਅਦ, ਤੁਸੀਂ ਨੋਟ ਕਰੋ, ਸੂਟਾਂ ਦੇ ਰਿਵਾਜ ਬਦਲ ਜਾਂਦੇ ਹਨ। ਕਦੀ ਕੋਈ ਸੂਟਾਂ ਦਾ ਰਿਵਾਜ਼। ਕਦੀ ਕੋਈ ਰਿਵਾਜ ਚੱਲ ਪੈਂਦਾ ਹੈ। ਇਹ ਰਿਵਾਜ਼ ਸ਼ੁਰੂ ਕਿੱਥੋਂ ਹੁੰਦੇ ਹਨ, ਡਰਾਮਿਆਂ ਤੋਂ, ਐਕਟਰਾਂ ਤੋਂ। ਇਹ ਰਿਵਾਜ਼ ਜਿੰਨੇ ਮਰਜੀ ਬਦਲ ਜਾਣ ਪਰ ਤੁਸੀਂ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਾਂ ਵਿੱਚ ਮਨ ਵੇਚ ਦਿਓ। ਇਹ ਚੁੰਨੀ ਕਦੀ ਵੀ ਤੁਹਾਡੇ ਸਿਰ ਤੋਂ ਨਾ ਲੱਥੇ, ਇਹ ਭਾਵਨਾ ਬਣਾਇਓ ਮੈਂ ਜਿਹੜਾ ਦੋ ਗਜ਼ ਦਾ ਕੱਪੜਾ ਸਿਰ ਤੇ ਰੱਖਿਆ ਹੈ, ਇਹ ਕੱਪੜਾ ਨਹੀਂ, ਇਹ ਮਾਤਾ ਸਾਹਿਬ ਕੌਰ ਜੀ ਨੇ ਆਪਣੇ ਦੋਵੇਂ ਹੱਥ ਮੇਰੇ ਸਿਰ ਤੇ ਰੱਖੇ ਹੋਏ ਹਨ। ਇੱਕ ਸੱਜੇ ਪਾਸੇ ਤੋਂ ਰੱਖਿਆ ਹੈ। ਇੱਕ ਉਨ੍ਹਾਂ ਨੇ ਖੱਬੇ ਪਾਸੇ ਤੋਂ ਰੱਖਿਆ ਹੈ। ਕਦੀ ਇਹ ਮਹਿਸੂਸ ਕਰਨਾ। ਸਾਧ ਸੰਗਤ ਜੀ, ਤੁਹਾਨੂੰ ਖੁਦ ਮਹਿਸੂਸ ਹੋਵੇਗਾ ਕਿ ਵਾਕਿਆ ਹੀ ਮਾਤਾ ਸਾਹਿਬ ਕੌਰ ਜੀ ਮੇਰੇ ਨਾਲ ਹੀ ਹਨ। ਕਿਸੇ ਐਕਟਰ ਨੇ ਬਾਂਹ ਨਹੀਂ ਫੜਨੀ, ਪਿਤਾ ਜੀ ਦਾ ਜਿਹੜਾ ਪਹਿਰਾਵਾ ਹੈ, ਉਹ ਕਾਇਮ ਰੱਖਣਾ ਹੈ।

***ਨੰਗੇਂ ਕੇਸੀ ਮਾਰਗ ਟੁਰੇ ਸੋ ਤਨਖਾਹੀਆ।***
***ਨੰਗੇਂ ਕੇਸੀ ਮਾਰਗ ਟੁਰੇ ਸੋ ਰਵਾਲ ਪਾਏ,***
***ਸੋ ਤਨਖਾਹੀਆ।***

*(ਰਹਿਤਨਾਮਾ)*

ਸਟੇਜ ਤੋਂ ਇਸ਼ਾਰੇ ਨਹੀਂ ਦਿਆਂਗੇ ਤੇ ਕਿੱਥੋਂ ਦਿਆਂਗੇ। ਨਹੀਂ ਤਾਂ ਕਈ ਕੁਝ ਚਲੀ ਆਵੇਗਾ। ਇਹ ਦੂਜਾ ਬਚਨ, ਬਾਬਾ ਜੀ ਨੇ ਲਿਖਾਇਆ, ਅੰਮ੍ਰਿਤ ਛਕਾ ਕੇ ਸਿੰਘ ਸਜਾਉਂਦੇ ਰਹਿਣਾ। **ਤੀਜਾ ਬਚਨ ਕੀਤਾ**, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਬਾਬਾ ਦੀਪ ਸਿੰਘ ਜੀ ਨੂੰ ਕਿ **ਗਊ ਗਰੀਬ ਦੀ ਰਾਖੀ ਕਰਨੀ।** ਇਹ ਆਪਣੇ ਤੇ ਜ਼ਰੂਰ ਲੈਣਾ। ਤੁਹਾਡੇ ਇਲਾਕੇ ਵਿੱਚ ਕੋਈ ਲੋੜਵੰਦ ਵਿਧਵਾ ਬੀਬੀ ਹੈ, ਉਸ ਦਾ ਬੱਚਾ ਸਕੂਲ ਵਿੱਚ ਪੜ੍ਹਦਾ ਹੈ, ਪਤੀ ਹੈ ਨਹੀਂ, ਦਸਵੰਧ ਵਿੱਚੋਂ ਛੇ ਮਹੀਨੇ ਲਈ ਉਸ ਦੀ ਫੀਸ ਦੇ ਆਏ ਹੋ, ਇੰਝ ਮਹਿਸੂਸ ਕਰਨਾ, ਜਿਹੜਾ ਬਚਨ ਬਾਬਾ ਦੀਪ ਸਿੰਘ ਜੀ ਨੂੰ ਕਲਗੀਧਰ ਪਿਤਾ ਜੀ ਤੁਸੀਂ ਦਿੱਤਾ, ਉਹ ਕਿਨਕਾ ਤੁਸੀਂ ਮੇਰੇ ਤੋਂ ਸੇਵਾ ਲੈ ਲਈ ਹੈ। ਗਊ ਗਰੀਬ ਦੀ ਰਾਖੀ ਕਰਨੀ। ਔਰ ਨਵੇਂ ਸਮੇਂ ਅਨੁਸਾਰ ਇਸ ਦੀਆਂ ਅਗਲੀਆਂ ਵਿਉਂਤਾਂ ਵੀ ਬਣਾਉਂਦੇ ਰਿਹਾ ਕਰੋ।

ਦਾਸ ਨੂੰ ਕਿਸੇ ਨੇ ਸੁਝਾਅ ਦਿੱਤਾ, ਇਹ ਵੀ ਸ਼ੁਰੂ ਕਰੀਏ ਕਿ ਜਿਹੜੇ ਸਿੱਖ ਬੱਚੇ ਬੜੀ ਉੱਚੀ ਪੜ੍ਹਾਈ ਤੇ ਚਲੇ ਗਏ ਹਨ, ਬਹੁਤ ਵੱਡੀ ਪੜ੍ਹਾਈ ਜਿਸ ਤੇ ਦੋ-ਤਿੰਨ ਲੱਖ ਦਾਖਲੇ ਹਨ। ਉਨ੍ਹਾਂ ਕੋਲ ਪ੍ਰਬੰਧ ਨਹੀਂ, ਦਾਖਲੇ ਦਾ। ਇਹੋ ਜਿਹਾ ਟਰੱਸਟ ਖੋਲ੍ਹ ਦੇਈਏ ਜਿਹੜਾ ਇਹੋ ਜਿਹੇ ਗੁਰਸਿੱਖ ਬੱਚਿਆਂ ਨੂੰ ਉਸ ਪੜ੍ਹਾਈ ਨੂੰ ਕਰਾਵੇ ਕਿ ਆਉਣ ਵਾਲੇ ਸਮੇਂ ਵਿੱਚ ਵੱਡੇ-ਵੱਡੇ ਅਫਸਰ ਵੀ ਗਾਤਰੇ ਪਾ ਕੇ ਸਿੱਖੀ ਦੇ ਲਿਬਾਸ ਵਿੱਚ ਕੁਰਸੀਆਂ ਤੇ ਨਜ਼ਰ ਆਉਣ, ਇਹ ਲੋੜ ਹੈ। ਫਿਰ ਚੈਨ ਨਾਲ ਚੈਨ ਚੱਲ ਪੈਂਦੀ ਹੈ। ਜਦੋਂ ਇੰਨੇ ਵੱਡੇ ਅਹੁਦੇ ਤੇ ਬੱਚਾ ਪਹੁੰਚ ਗਿਆ ਜਿਸ ਨੇ ਉੱਥੇ ਆ ਕੇ ਅਫਸਰ ਬਣਾਉਣੇ ਹਨ, ਉਸ ਨੂੰ ਜਦੋਂ ਪਤਾ ਹੈ ਕਿ ਮੈਨੂੰ ਫਲਾਣੀ ਸੰਸਥਾ ਨੇ ਦਾਖਲੇ ਭਰ ਕੇ ਇੱਥੇ ਲਿਆਂਦਾ ਹੈ ਤੇ ਜਦੋਂ ਉਸ ਦੀ ਤਨਖਾਹ ਲੱਗ ਜਾਣੀ ਹੈ ਤੇ ਉਸ ਨੇ ਕਹਿਣਾ ਹੈ, ਮੈਂ ਵੀ ਦਸਵੰਧ ਦੀਆਂ ਹਾਜ਼ਰੀਆਂ ਲਗਾਉਣੀਆਂ ਹਨ ਕਿ ਇਹ ਕੜੀ ਅੱਗੋਂ ਜਾਰੀ ਰਹੇ।

ਇਹ ਨਵੇਂ ਸਮੇਂ ਅਨੁਸਾਰ ਚੀਜ਼ਾਂ ਬਦਲਣੀਆਂ ਪੈਣਗੀਆਂ। ਇਹ ਐਜੂਕੇਸ਼ਨਲ ਟਰੱਸਟ ਬਣਾਉਣੇ ਪੈਣਗੇ ਤੇ ਜੇ ਇਹ ਨਹੀਂ ਕਰਾਂਗੇ, ਇਹੋ ਜਿਹਾ ਸਮਾਂ ਨਜ਼ਰ ਆਵੇਗਾ, ਬਹੁਤ ਸਾਰੇ ਵੱਡੇ-ਵੱਡੇ ਅਹੁਦਿਆਂ ਤੇ ਗੁਰਸਿੱਖ ਘੱਟ ਨਜ਼ਰ ਆਉਣਗੇ। ਪਰ ਜਦੋਂ ਐਜੂਕੇਸ਼ਨਲ ਟਰੱਸਟ ਬਣਾ ਕੇ ਗੁਰਸਿੱਖ ਬੱਚਿਆਂ ਨੂੰ ਪੜ੍ਹਾਉਣ ਜਿਹੇ ਉਪਰਾਲੇ ਜਾਰੀ ਹੋਣਗੇ ਫਿਰ ਆਉਣ ਵਾਲੇ ਸਮੇਂ ਦਾ ਭਵਿੱਖ ਕੁਝ ਹੋਰ ਹੋਵੇਗਾ। ਤੀਜਾ ਬਚਨ, ਗਊ ਗਰੀਬ ਦੀ ਰਾਖੀ ਕਰਨੀ ਹੈ ਤੇ **ਚੌਥਾ ਬਚਨ**, ਬਾਬਾ ਦੀਪ ਸਿੰਘ ਜੀ ਨੂੰ ਸਾਡੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਲਿਖਾਇਆ, **ਪੰਥ ਵਿੱਚ ਕੋਈ ਦੁਬਿਧਾ ਪੈਦਾ ਹੋ ਜਾਵੇ, ਇਨ੍ਹਾਂ ਨੂੰ ਜਥੇਬੰਦ ਕਰਦੇ ਰਹਿਣਾ।**

ਯਾਦ ਰੱਖਣਾ, ਤੁਹਾਡਾ ਮੁਹੱਲਾ ਵੀ ਪੰਥ ਹੈ। ਤੁਹਾਡੀ ਰਿਸ਼ਤੇਦਾਰੀ ਵੀ ਪੰਥ ਹੈ। ਇੱਥੋਂ ਤੱਕ ਕਿ ਤੁਹਾਡਾ ਘਰ ਵੀ ਪੰਥ ਹੈ। ਜੇਕਰ ਘਰ ਵਿੱਚ, ਕੋਈ ਮੁਹੱਲੇ ਵਿੱਚ ਕੋਈ ਦੁਬਿਧਾ ਹੋ ਜਾਵੇ ਤੇ ਉਸ ਵਿੱਚ ਇਹ ਸੁਆਦ ਨਾ ਲੈਣਾ ਕਿ ਇਧਰ ਕੁਝ ਕਹਿ ਦਿੱਤਾ, ਉਧਰ ਕੁਝ ਕਹਿ ਦਿੱਤਾ, ਲੜਾਈ ਹੋਰ ਵਧਾ ਦਿੱਤੀ। ਇਸ ਤਰ੍ਹਾਂ ਕਰਨ ਨਾਲ ਜਿੰਨੇ ਮਰਜ਼ੀ ਪਾਠ ਕਰ ਲਓ, ਬਾਬਾ ਦੀਪ ਸਿੰਘ ਜੀ ਨੇ ਖੁਸ਼ ਨਹੀਂ ਹੋਣਾ। ਜੇ ਇਹ ਸੁਭਾਅ ਰਿਹਾ, ਇਧਰ ਕੁਝ ਕਹਿ ਦਿਓ, ਉਧਰ ਕੁਝ ਕਹਿ ਦਿਓ। ਲੜਾਈ ਕਰਵਾ ਦਿਓ। ਇਹ ਚੀਜ਼ ਹੋਵੇ ਤੇ ਅਖੀਰ ਤੇ ਉਸ ਦਾ ਹੀ ਬੁਰਾ ਹੁੰਦਾ ਹੈ ਜਿਸ ਨੇ ਲੜਾਈ ਕਰਵਾਈ ਹੁੰਦੀ ਹੈ।

ਇੱਕ ਗਾਥਾ ਹੈ ਸਮਝਾਉਣ ਲਈ। ਇੱਕ ਪੰਡਿਤ ਨੇ ਕਥਾ ਕੀਤੀ। ਰਾਜੇ ਨੂੰ ਅਪੀਲ ਕੀਤੀ ਤੇ ਰਾਜੇ ਨੇ ਕਿਹਾ ਕਿ ਤੂੰ ਮੇਰੇ ਦਰਬਾਰ ਵਿੱਚ ਰੋਜ਼ ਕਥਾ ਕਰਿਆ ਕਰ। ਮੇਰੇ ਕੋਲੋਂ ਕਮਰੇ ਵਿੱਚ ਰੋਜ਼ ਕਥਾ ਅੱਧਾ ਘੰਟਾ ਸੁਣਾਇਆ ਕਰ, ਸਲੋਕ ਸੁਣਾਇਆ ਕਰ। ਪੰਡਿਤ ਬੜਾ ਖੁਸ਼ ਹੋਇਆ। ਰਾਜੇ ਨੇ ਅਨੰਦ ਨਾਲ ਕਥਾ ਸੁਣਨੀ ਤੇ ਤੁਰਨ ਲੱਗਿਆਂ ਰਾਜੇ ਨੇ ਉਸ ਨੂੰ ਪੰਜ ਮੋਹਰਾਂ ਦੇਣੀਆਂ। ਤੇ ਜਿਹੜਾ ਬਾਹਰ ਚੌਕੀਦਾਰ ਖੜ੍ਹਾ ਹੁੰਦਾ ਸੀ, ਉਸ ਨੇ ਕਲਪ ਜਾਣਾ। ਉਸ ਨੇ ਕਹਿਣਾ ਕਿ ਮੈਂ ਸਾਰਾ ਮਹੀਨਾ ਕੰਮ ਕਰਾਂ ਤੇ ਮੈਨੂੰ ਪੰਜ ਮੋਹਰਾਂ ਨਹੀਂ ਮਿਲਦੀਆਂ ਤੇ ਇਹ ਅੱਧਾ ਘੰਟਾ ਲਗਾ ਕੇ ਪੰਜ ਮੋਹਰਾਂ ਲੈ ਜਾਂਦਾ ਹੈ। ਆ ਗਈ ਦੁਬਿਧਾ, ਆ ਗਈ ਈਰਖਾ। ਦੂਜਾ ਦਿਨ ਬੀਤਿਆ, ਪੰਜ ਦਿਨ ਬੀਤੇ, ਵੀਹ ਦਿਨ ਬੀਤੇ, ਚੌਕੀਦਾਰ ਦੇ ਅੰਦਰ ਸਾੜਾ ਪਿਆ ਰਹਿਣਾ। ਇਹ ਪੰਡਿਤ ਅੱਧਾ ਘੰਟਾ ਲਗਾ ਕੇ ਰੋਜ਼ ਰਾਜੇ ਤੋਂ ਪੰਜ ਮੋਹਰਾਂ ਲੈ ਜਾਂਦਾ ਹੈ। ਮੈਨੂੰ ਸਾਰਾ ਮਹੀਨਾ ਕੰਮ ਕਰਕੇ ਵੀ ਪੰਜ ਮੋਹਰਾਂ ਨਹੀਂ ਮਿਲਦੀਆਂ। ਕਿਵੇਂ ਕਰੀਏ? ਇਨ੍ਹਾਂ ਦੀ ਲੜਾਈ ਕਰਵਾਈਏ। ਇਹ ਇੱਕ ਗਾਥਾ ਹੈ, ਸਮਝਾਉਣ ਲਈ।

***ਹਰਿ ਕੀਆ ਕਥਾ ਕਹਾਣੀਆ ਗੁਰਿ ਮੀਤਿ ਸੁਣਾਈਆ ॥***
***(ਅੰਗ ੭੨੫)***

ਕਹਾਣੀਆਂ ਹੁੰਦੀਆਂ ਹਨ, ਕਥਾ ਵੀ ਹੁੰਦੀ ਹੈ, ਇਹ ਕਥਾ ਨਹੀਂ, ਗਾਥਾ ਹੈ। ਚੌਕੀਦਾਰ ਪੰਡਿਤ ਨੂੰ ਕਹਿਣ ਲੱਗਾ, ਰਾਜੇ ਨੇ ਮੈਨੂੰ ਕਿਹਾ, ਪੰਡਿਤ ਕੋਲੋਂ ਰੋਜ਼ ਸਲੋਕ ਤਾਂ ਸੁਣਦਾ ਹਾਂ ਪਰ ਬੜਾ ਔਖਾ ਹੋ ਕੇ ਸੁਣਦਾ ਹਾਂ, ਇਸ ਦੇ ਮੂੰਹ ਵਿੱਚੋਂ ਬਦਬੂ ਆਉਂਦੀ ਹੈ। ਪੰਡਿਤ ਕਹਿੰਦਾ ਹੈ, ਮੈਂ ਕੀ ਕਰਾਂ ਤੇ ਉਹ ਕਹਿਣ ਲੱਗਾ, ਮੂੰਹ ਤੇ ਕੱਲ ਕੱਪੜਾ ਲੈ ਕੇ ਆਈਂ ਤੇ ਸਲੋਕ ਬੋਲੀ। ਰਾਜੇ ਨੇ ਕਿਹਾ ਹੈ ਕਿ ਮੈਂ ਬੜਾ ਔਖਾ ਹੋ ਕੇ ਕਥਾ ਸੁਣਦਾ ਹਾਂ, ਹੁਣ ਕਹਿ ਬੈਠਾ ਹੈ ਤੇ ਪਹਿਰੇਦਾਰ ਰਾਜੇ ਨੂੰ ਕਹਿਣ ਲੱਗਾ, ਰਾਜਨ, ਪੰਡਿਤ ਕਹਿੰਦਾ ਹੈ ਕਿ ਮੈਂ ਰਾਜੇ ਨੂੰ ਸਲੋਕ ਤਾਂ ਸੁਣਾਉਂਦਾ ਹਾਂ ਤੇ ਰਾਜੇ ਦੇ ਮੂੰਹ ਵਿੱਚੋਂ ਬਦਬੂ ਬੜੀ ਆਉਂਦੀ ਹੈ। ਇਹ ਕੰਮ ਤੁਸੀਂ ਨਾ ਕਰਨਾ। ਦਾਸ ਨੇ ਸਿਰਫ ਇਸ਼ਾਰਾ ਹੀ ਦਿੱਤਾ ਹੈ। ਇਹ ਕੰਮ ਕਰਨ ਨਾਲ ਜਿੰਨੇ ਮਰਜ਼ੀ ਪਾਠ ਕਰ ਲਓ ਪਰ ਖੁਸ਼ੀ ਨਹੀਂ ਮਿਲਦੀ। ਲੜਾਈਆਂ ਚਲਦੀਆਂ ਹਨ। ਰਾਜੇ ਨੂੰ ਕਹਿਣ ਲੱਗਾ ਕਿ ਪੰਡਿਤ ਕਹਿੰਦਾ ਹੈ ਕਿ ਮੈਂ ਬੜੇ ਔਖੇ ਹੋ ਕੇ ਕਥਾ ਤੇ ਸਲੋਕ ਸੁਣਾਉਂਦਾ ਹਾਂ। ਰਾਜੇ ਦੇ ਮੂੰਹ ਵਿੱਚੋਂ ਬਦਬੂ ਬੜੀ ਆਉਂਦੀ ਹੈ। ਰਾਜੇ ਨੂੰ ਬੜਾ ਗੁੱਸਾ ਚੜ੍ਹਿਆ। ਜਦੋਂ ਪੰਡਿਤ ਕਥਾ ਸੁਣਾਉਣ ਲੱਗਾ ਤੇ ਉਸ ਨੇ ਮੂੰਹ ਤੇ ਕੱਪੜਾ ਲਪੇਟਿਆ ਹੋਇਆ ਸੀ। ਰਾਜਾ ਕਹਿਣ ਲੱਗਾ, ਪਹਿਰੇਦਾਰ ਦੀ ਗੱਲ ਸਹੀ ਹੈ। ਇਹ ਕੱਪੜਾ ਲਪੇਟ ਕੇ ਆਇਆ ਹੈ। ਮੇਰੇ ਮੂੰਹ ਵਿੱਚੋਂ ਬਦਬੂ ਆ ਰਹੀ ਹੈ ਤੇ ਉਧਰੋਂ ਪੰਡਿਤ ਨੂੰ ਕਿਹਾ ਸੀ ਕਿ ਕੱਪੜਾ ਲੈ ਕੇ ਆਈਂ, ਰਾਜੇ ਨੂੰ ਤੇਰੇ ਮੂੰਹ ਵਿੱਚੋਂ ਬਦਬੂ ਆਉਂਦੀ ਹੈ। ਸਲੋਕ ਸੁਣਾਏ, ਅੱਜ ਨਾ ਰਾਜੇ ਦਾ ਮਨ ਜੁੜਿਆ ਤੇ ਨਾ ਹੀ ਪੰਡਿਤ ਦਾ ਮਨ ਜੁੜਿਆ। ਵੇਖੋ ਕਲੇਸ਼ ਪਾਉਣ ਵਾਲੇ ਦੂਜੇ ਦਾ ਮਨ ਵੀ ਅਪਸੈਟ ਕਰ ਦਿੰਦੇ ਹਨ। ਅੱਜ ਨਾ ਉਸ ਰਾਜੇ ਦਾ ਮਨ ਜੁੜਿਆ ਤੇ ਨਾ ਹੀ ਉਸ ਪੰਡਿਤ ਦਾ। ਅਜੇ ਅੱਧਾ ਘੰਟਾ ਨਹੀਂ ਹੋਇਆ, ਵੀਹ ਮਿੰਟ ਹੋਏ ਤੇ ਰਾਜਾ ਕਹਿਣ ਲੱਗਾ, ਅੱਜ ਇੰਨੇ ਹੀ ਸਲੋਕ ਬੜੇ ਹਨ। ਰਾਜੇ ਨੇ ਇੱਕ ਰੁੱਕਾ ਲਿਖਿਆ, ਰੁੱਕਾ ਲਿਖ ਕੇ ਪੰਡਿਤ ਨੂੰ ਕੀ ਕਹਿੰਦਾ ਹੈ, ਆਹ ਰੁੱਕਾ ਲੈ ਲੈ। ਰੋਜ਼ ਰੁੱਕਾ ਲਿਖਦਾ ਸੀ ਕਿ ਪੰਜ ਮੋਹਰਾਂ ਖਜ਼ਾਨੇ ਵਿੱਚੋਂ ਦੇ ਦਿਓ। ਅੱਜ ਰਾਜੇ ਨੇ ਕੁਝ ਹੋਰ ਲਿਖਿਆ। ਹੁਣ ਪੰਡਿਤ ਸਮਝਦਾ ਪਿਆ ਹੈ ਕਿ ਰੁੱਕਾ ਮਿਲਿਆ ਹੈ, ਪੰਜ ਮੋਹਰਾਂ ਦਾ ਤੇ ਜਦੋਂ ਪੰਡਿਤ ਬਾਹਰ ਨਿਕਲਿਆ ਤੇ ਕੀ ਕਹਿੰਦਾ ਹੈ, ਪਹਿਰੇਦਾਰ ਨੂੰ। ਕਹਿਣ ਲੱਗਾ, ਪਹਿਰੇਦਾਰ, ਅੱਜ ਨਾ ਮੇਰਾ ਮਨ ਜੁੜਿਆ ਹੈ ਤੇ ਨਾ ਹੀ ਰਾਜੇ ਦਾ ਮਨ ਜੁੜਿਆ। ਮੈਨੂੰ ਤਾਂ ਰੋਜ਼ ਪੰਜ ਮੋਹਰਾਂ ਮਿਲਦੀਆਂ ਹਨ। ਅੱਜ ਰੁੱਕਾ ਤੂੰ ਲੈ ਲੈ ਤੇ ਖਜ਼ਾਨੇ ਵਿੱਚੋਂ ਪੰਜ ਮੋਹਰਾਂ ਤੂੰ ਲੈ ਲੈ। ਹੁਣ ਉਸ ਨੂੰ ਵੀ ਨਹੀਂ ਪਤਾ ਕਿ ਰੁੱਕੇ ਵਿੱਚ ਕੁਝ ਹੋਰ ਲਿਖਿਆ ਹੈ। ਰੁੱਕੇ ਵਿੱਚ ਕੀ ਲਿਖਿਆ ਸੀ? ਰੁਕੇ ਵਿੱਚ ਲਿਖਿਆ ਸੀ ਕਿ ਜਦੋਂ ਇਹ ਰੁੱਕਾ ਜਿਹੜਾ ਵੀ ਲੈ ਕੇ ਆਵੇ, ਉਸੇ ਵੇਲੇ ਉਸ ਦੀ ਜ਼ਬਾਨ ਕੱਟ ਦਿੱਤੀ ਜਾਵੇ। ਰਾਜੇ ਨੂੰ ਪੰਡਿਤ ਤੇ ਗੁੱਸਾ ਸੀ ਕਿ ਇਸ ਦੀ ਜ਼ਬਾਨ ਕੱਟ ਦਿਓ। ਇਹ ਕਹਿੰਦਾ ਹੈ ਕਿ ਮੇਰੇ ਮੂੰਹ ਵਿੱਚੋਂ ਬਦਬੂ ਆਉਂਦੀ ਹੈ। ਉਸ ਨੇ ਦਇਆ ਨਾਲ ਕਿਹਾ ਕਿ ਰੋਜ਼ ਪੰਜ ਮੋਹਰਾਂ ਦਾ ਰੁੱਕਾ ਮਿਲਦਾ ਹੈ ਤੇ ਅੱਜ ਤੂੰ ਲੈ ਲੈ। ਨੋਟ ਕਰੋ, ਬੁਰਾ ਕਰਨ ਵਾਲੇ ਦਾ ਖੁਦ ਬੁਰਾ ਹੁੰਦਾ ਹੈ। ਸੰਭਲ ਕੇ ਤੁਰਨਾ। ਉਹ ਬੜਾ ਖੁਸ਼ ਕਿ ਪੰਡਿਤ ਦਿਆਲੂ ਹੋ ਗਿਆ ਹੈ, ਪੰਜ ਮੋਹਰਾਂ ਦਾ ਰੁੱਕਾ ਮੈਨੂੰ ਦੇ ਦਿੱਤਾ ਹੈ। ਉਸ ਨੇ ਖਜ਼ਾਨੇ ਵਿੱਚ ਜਾ ਕੇ ਜਦੋਂ ਰੁੱਕਾ ਦਿੱਤਾ ਤੇ ਰੁੱਕੇ ਤੇ ਲਿਖਿਆ ਸੀ, ਜਿਹੜਾ ਰੁੱਕਾ ਲੈ ਕੇ ਆਵੇ, ਇਸ ਦੀ ਜ਼ਬਾਨ ਕੱਟ ਦਿਓ। ਕਹਿੰਦੇ ਕਿ ਪਹਿਰੇਦਾਰ ਦੀ ਜ਼ਬਾਨ ਕੱਟੀ ਗਈ। ਨਾ ਪੰਡਿਤ ਦਾ ਕੁਝ ਵਿਗੜਿਆ ਤੇ ਨਾ ਰਾਜੇ ਦਾ ਵਿਗੜਿਆ। ਬੁਰੇ ਕਰਨ ਵਾਲੇ ਦਾ

ਆਪਣਾ ਹੀ ਬੁਰਾ ਹੁੰਦਾ ਹੈ। ਇਹ ਸੋਝੀ ਲੈਣਾ।

ਕਦੀ ਇਹ ਸੁਆਦ ਨਾ ਲੈਣਾ, ਨਾ ਘਰ ਵਿੱਚ, ਨਾ ਮੁਹੱਲੇ ਵਿੱਚ, ਨਾ ਕਿਸੇ ਦੀ ਨੂੰਹ ਸੱਸ ਦੇ ਮਾਮਲੇ ਵਿੱਚ। ਨਾ ਕਿਸੇ ਆਪਣੇ ਲੈਵਲ ਤੇ, ਜੋੜ ਸਕਦੇ ਹੋ ਤੇ ਜੋੜੋ, ਪਾੜੋ ਨਾ। ਨਹੀਂ ਤਾਂ ਉਨ੍ਹਾਂ ਦੇ ਕਰਮਾਂ ਵਿੱਚ ਲਿਖਿਆ, ਅਲੱਗ ਗੱਲ ਹੈ ਪਰ ਇਧਰ ਕੁਝ ਕਹਿ ਦੇਈਏ ਤੇ ਉਧਰ ਕੁਝ ਕਹਿ ਦੇਈਏ। ਇਹ ਬੜਾ ਵੱਡਾ ਗੁਨਾਹ ਹੈ। ਸਾਡੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬਾਬਾ ਦੀਪ ਸਿੰਘ ਜੀ ਨੂੰ ਚੌਥਾ ਬਚਨ ਲਿਖਾ ਰਹੇ ਹਨ ਕਿ ਪੰਥ ਵਿੱਚ ਦੁਬਿਧਾ ਪੈ ਜਾਵੇ, ਇਨ੍ਹਾਂ ਨੂੰ ਜਥੇਬੰਦ ਕਰਦੇ ਰਹਿਣਾ, ਜੋੜਦੇ ਰਹਿਣਾ। ਸਿਰ ਜੋੜਦੇ ਰਹਿਣਾ। ਇਹ ਡਿਊਟੀਆਂ ਨਿਭਾਉਣਾ ਤੇ ਗੁਰੂ ਕਲਗੀਧਰ ਪਿਤਾ ਜੀ ਨੇ **ਪੰਜਵਾਂ ਬਚਨ** ਆਖਿਆ, **ਗੁਰਬਾਣੀ ਦੀ ਵਿਦਿਆ ਪੜ੍ਹਾਉਂਦੇ ਰਹਿਣਾ ਤੇ ਆਦਿ ਸਰੂਪ ਦੇ ਉਤਾਰੇ ਕਰਕੇ ਲੋੜਵੰਦ ਜਗ੍ਹਾ ਤੇ ਪਹੁੰਚਾਉਂਦੇ ਰਹਿਣਾ।** ਇਸ ਦਾ ਕੀ ਭਾਵ ਹੈ? ਜੇਕਰ ਤੁਹਾਡੇ ਵਿੱਚ ਗੁਣ ਹੈ, ਗੁਰਬਾਣੀ ਸ਼ੁੱਧ ਪੜ੍ਹ ਲੈਂਦੇ ਹੋ, ਕੀਰਤਨ ਕਰ ਲੈਂਦੇ ਹੋ, ਕਥਾ ਕਰ ਲੈਂਦੇ ਹੋ ਤੇ ਆਪਣੇ ਇਲਾਕੇ ਵਿੱਚ ਗੁਰਬਾਣੀ ਦੀ ਸੰਥਿਆ ਦੀਆਂ ਕਲਾਸਾਂ ਲਗਾਓ, ਬੱਚਿਆਂ ਨੂੰ ਕਥਾ-ਕੀਰਤਨ ਸਿਖਾਓ ਤਾਂ ਜੋ ਬੱਚਿਆਂ ਵਿੱਚ ਗੁਰਬਾਣੀ ਪੜ੍ਹਨ, ਕੀਰਤਨ ਕਰਨ ਦਾ ਉਤਸ਼ਾਹ ਵਧੇ। ਇਹ ਪੰਜੇ ਬਚਨ ਬਾਬਾ ਜੀ ਨੇ ਆਪਣੇ ਜੀਵਨ ਵਿੱਚ ਨਿਭਾਏ। ਅਰਦਾਸ ਕਰਿਓ, ਗੁਰੂ ਕਲਗੀਧਰ ਪਿਤਾ ਜੀ ਦੇ ਅੱਗੇ ਇਹ ਪੰਜੇ ਬਚਨ ਸਾਡੀ ਜ਼ਿੰਦਗੀ ਵਿੱਚ ਵੀ ਆਉਣ। ਆਓ ਜੀ ਇਹ ਪੰਕਤੀਆਂ ਪੜ੍ਹੀਏ ਤੇ ਫਿਰ ਸਮਾਪਤੀ ਹੈ:

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।***

*(ਵਾਰ ੧੯, ਪਉੜੀ ੧੨)*


## ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ

ਸੰਗਤਾਂ ਨੂੰ ਬੇਨਤੀ ਹੈ ਕਿ ਰਸਾਲਾ ਬੁੱਕ ਕਰਵਾਉਣ ਲਈ ਜਾਂ Subscription Renew ਕਰਵਾਉਣ ਲਈ ਆਪ ਜੀ ਹੇਠ ਲਿਖੇ ਢੰਗ ਨਾਲ ਚੰਦਾ ਭੇਜ ਸਕਦੇ ਹੋ।

**ਸਿਫਤਿ ਸਾਲਾਹ ਪੱਤ੍ਰਿਕਾ**
**ਆਪ ਪੜ੍ਹੋ ਤੇ ਹੋਰਨਾਂ ਨੂੰ ਵੀ ਪੜ੍ਹਾਓ।**

1) ਬੈਂਕ ਡਰਾਫਟ, ਚੈੱਕ ਰਾਹੀਂ ਜਾਂ Paytm No. 9876525850
2) RTGS/NEFT ਰਾਹੀਂ ਜਾਂ ਬੈਂਕ Transfer ਰਾਹੀਂ
ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245 ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**VPP ਰਾਹੀਂ ਘਰ ਬੈਠੇ ਰਸਾਲਾ ਮੰਗਵਾਓ**

3) ਆਪ ਜੀ ਇਸ ਨੰਬਰ 98765-25850 ਤੇ ਆਪਣਾ ਪੂਰਾ ਪਤਾ ਲਿਖ ਕੇ SMS ਕਰ ਦਿਓ ਅਤੇ ਕਿੰਨੇ ਸਾਲ ਲਈ ਬੁੱਕ ਕਰਵਾਉਣਾ ਹੈ ਲਿਖ ਦਿਓ। 10 ਦਿਨ ਦੇ ਅੰਦਰ-ਅੰਦਰ ਡਾਕੀਆ ਆਪ ਜੀ ਦੇ ਦਿੱਤੇ ਹੋਏ ਪਤੇ ਤੇ ਰਸਾਲਾ ਦੇਣ ਆਵੇਗਾ ਅਤੇ ਇੱਕ ਸਾਲ ਦਾ ਚੰਦਾ 184/- ਰੁਪਏ, ਦੋ ਸਾਲ ਦਾ ਚੰਦਾ 340/- ਰੁਪਏ, ਪੰਜ ਸਾਲ ਦਾ ਚੰਦਾ 650/- ਰੁਪਏ ਆਪ ਜੀ ਪਾਸੋਂ ਰਸਾਲੇ ਦੀ ਭੇਟਾ ਵਸੂਲ ਕਰ ਲਵੇਗਾ ਤੇ ਰਸਾਲਾ ਦੇ ਦੇਵੇਗਾ।

ਵਧੇਰੇ ਜਾਣਕਾਰੀ ਲਈ ਸੰਪਰਕ ਨੰ. 98765-25850

| ਚੰਦਾ (ਦੇਸ਼) | |
|---|---|
| ਇੱਕ ਸਾਲ | 150+34=184/- |
| ਦੋ ਸਾਲ | 300+40=340/- |
| ਪੰਜ ਸਾਲ | 600+50=650/- |
| ਲਾਈਫ | 2400+90=2490/- |

# ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ

## ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ

*—ਭਾਈ ਪਾਲ ਸਿੰਘ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

***ਨੌਵੇਂ ਪਾਤਸ਼ਾਹ ਜੀ ਦਾ ਅਠਾਈਵਾਂ ਸਲੋਕ :***

***ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ ॥***
***ਕਹੁ ਨਾਨਕ ਬਿਨੁ ਹਰਿ ਭਜਨ ਬਿਰਥਾ ਜਨਮੁ ਸਿਰਾਨ ॥੨੮॥***

*(ਅੰਗ ੧੪੨੭)*

ਮਾਇਆ ਵਾਸਤੇ ਭੱਜੇ ਫਿਰਦੇ ਹਨ ਮੂਰਖ ਤੇ ਅਗਿਆਨੀ ਪੁਰਸ਼ ਪਰੰਤੂ ਹਰੀ ਭਜਨ ਤੋਂ ਬਿਨਾਂ ਮਨੁੱਖਾ ਜਨਮ ਬਿਰਥਾ ਬੀਤ ਜਾਂਦਾ ਹੈ।

ਇੱਕ ਗਾਥਾ ਹੈ। ਇੱਕ ਸ਼ਾਹੂਕਾਰ ਨੇ ਦਿਨ ਰਾਤ ਠੱਗੀਆਂ ਮਾਰ-ਮਾਰ ਕੇ ਬਹੁਤ ਧਨ ਇਕੱਠਾ ਕਰ ਲਿਆ। ਹੌਲੀ-ਹੌਲੀ ਉਸਦੀ ਰਾਜੇ ਨਾਲ ਦੋਸਤੀ ਹੋ ਗਈ। ਰਾਜੇ ਨੇ ਉਸ ਨੂੰ ਆਪਣਾ ਵਜ਼ੀਰ ਬਣਾ ਲਿਆ ਪਰ ਇਸ ਦੀ ਫਿਰ ਵੀ ਸੰਤੁਸ਼ਟੀ ਨਾ ਹੋਈ ਤੇ ਰਾਜੇ ਨੂੰ ਮਰਵਾ ਕੇ ਸਾਰੇ ਧਨ ਖਜ਼ਾਨੇ ਦਾ ਮਾਲਕ ਬਣ ਗਿਆ। ਹੁਣ ਸੋਚਦਾ ਹੈ ਕਿ ਗੁਆਂਢੀ ਰਾਜੇ ਤੇ ਹਮਲਾ ਕਰਕੇ ਉਸਦਾ ਵੀ ਧਨ ਮਾਲ ਕਬਜੇ ਵਿੱਚ ਕਰ ਲਵਾਂ। ਇਹ ਸੋਚ ਕੇ ਇਸਨੇ ਗੁਆਂਢੀ ਰਾਜੇ ਤੇ ਹੱਲਾ ਕਰ ਦਿੱਤਾ ਪਰ ਉਸ ਲੜਾਈ ਵਿੱਚ ਰਾਜਾ ਆਪ ਹੀ ਮਾਰਿਆ ਗਿਆ। ਹਰੀ ਭਜਨ ਤੋਂ ਬਿਨਾਂ ਕੀਮਤੀ ਮਨੁੱਖਾ ਜਨਮ ਮਾਇਆ ਦੀ ਦੌੜ-ਭੱਜ ਵਿੱਚ ਹੀ ਬੀਤ ਗਿਆ।

***ਨੌਵੇਂ ਪਾਤਸ਼ਾਹ ਜੀ ਦਾ ਉਂਨਤੀਵਾਂ ਸਲੋਕ :***

***ਜੋ ਪ੍ਰਾਨੀ ਨਿਸਿ ਦਿਨੁ ਭਜੈ ਰੂਪ ਰਾਮ ਤਿਹ ਜਾਨੁ ॥***
***ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥੨੯॥***

*(ਅੰਗ ੧੪੨੭)*

ਜੋ ਪੁਰਸ਼ ਰਾਤ ਦਿਨ ਸਿਮਰਨ ਕਰਦਾ ਹੈ ਉਸ ਨੂੰ ਪਰਮੇਸ਼ਰ ਦਾ ਰੂਪ ਹੀ ਜਾਣੋ। ਹਰੀ ਦੇ ਦਾਸ ਅਤੇ ਹਰੀ ਵਿੱਚ ਭੇਦ ਨਹੀਂ ਹੁੰਦਾ। ਇਹ ਗੱਲ ਸੱਚੀ ਮੰਨੋ।

ਇੱਕ ਦਾਤ ਐਸੀ ਹੈ, ਜੋ ਮਨੁੱਖ ਦੇ ਹੀ ਹਿੱਸੇ ਆਈ ਹੈ, ਉਹ ਹੈ ਬੰਦਗੀ। ਬੰਦਗੀ ਕਰਦਾ ਕਰਦਾ ਬੰਦਾ, ਬੰਦੇ ਤੋਂ ਰੱਬ ਦਾ ਹੀ ਰੂਪ ਹੋ ਜਾਂਦਾ ਹੈ।

ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ ਨਿਤਨੇਮ ਤੋਂ ਇਲਾਵਾ 101 ਪਾਠ ਜਪੁ ਜੀ ਸਾਹਿਬ ਰੋਜ਼ ਦਾ ਨਿਤਨੇਮ ਕਰਦੇ ਸੀ। ਬਾਬਾ ਜੀ ਦਾ ਤਪ ਅਸਥਾਨ ਗੁਰਦੁਆਰਾ ਦਮਦਮਾ ਸਾਹਿਬ, ਸਾਬੋ ਕੀ ਤਲਵੰਡੀ ਵਿਖੇ ਭੋਰਾ ਸਾਹਿਬ ਮੌਜੂਦ ਹੈ। ਜਿੱਥੇ ਦੋ ਗਾਗਰਾਂ ਕੰਧ ਵਿੱਚ ਲਗਾਈਆਂ ਹਨ। ਇੱਕ ਵਿੱਚ ਛੋਲੇ, ਇੱਕ ਵਿੱਚ ਪਾਣੀ ਪਾ ਕੇ ਢੱਕ ਦੇਣੀਆਂ। ਇਸ ਭੋਰੇ ਵਿੱਚ ਕਈ ਘੰਟੇ ਜਾਂ ਕਈ ਦਿਨ-ਰਾਤ ਬੰਦਗੀ ਰਸ ਭਰਿਆ ਤਪ ਕਰਨਾ ਤੇ ਭੁੱਖ ਲੱਗਣ ਤੇ ਛੋਲੇ ਅਤੇ ਜਲ ਛਕਣਾ, ਇਸ ਜਗ੍ਹਾ ਹੁਣ ਵੀ ਦੋ ਗਾਗਰਾਂ ਮੌਜੂਦ ਹਨ। ਬਾਬਾ ਦੀਪ ਸਿੰਘ ਜੀ ਦਾ ਭੋਰਾ। ਬਾਬਾ ਜੀ ਦੀ ਬੰਦਗੀ ਦੇਖ ਪ੍ਰਤੱਖ ਨਜ਼ਰ ਆਉਂਦਾ ਹੈ:

***ਜੋ ਪ੍ਰਾਨੀ ਨਿਸਿ ਦਿਨੁ ਭਜੈ ਰੂਪ ਰਾਮ ਤਿਹ ਜਾਨੁ ॥***
***ਹਰਿ ਜਨ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ ॥੨੯॥***

*(ਅੰਗ ੧੪੨੭)*

ਇਸੇ ਲਈ ਧੰਨ ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਕਹਿੰਦੇ ਹਨ ਜੋ ਪੁਰਸ਼ ਰਾਤ-ਦਿਨ ਸਿਮਰਨ ਕਰਦਾ ਹੈ, ਉਸਨੂੰ ਪਰਮੇਸ਼ਰ ਦਾ ਹੀ ਰੂਪ ਜਾਣੋ।

***ਨੌਵੇਂ ਪਾਤਸ਼ਾਹ ਜੀ ਦਾ ਤੀਹਵਾਂ ਸਲੋਕ :***

***ਮਨੁ ਮਾਇਆ ਮੈ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ ॥***
***ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉਨੇ ਕਾਮ ॥੩੦॥***

*(ਅੰਗ ੧੪੨੮)*

ਮਨ ਮਾਇਆ ਵਿੱਚ ਫਸ ਰਿਹਾ ਹੈ, ਪਰਮੇਸ਼ਰ ਦਾ ਨਾਮ ਭੁੱਲ ਗਿਆ ਹੈ। ਹਰੀ ਦੇ ਭਜਨ ਤੋਂ ਬਿਨਾਂ ਇਹ ਜੀਵਨ ਕਿਸ ਕੰਮ ਹੈ?

ਪਸ਼ੂ-ਪ੍ਰੇਤਾਂ ਦਾ ਉਧਾਰ ਕਰਦੇ ਹੋਏ ਸਤਿਗੁਰੂ ਜੀ ਭਗਤੇ ਪਿੰਡ ਦੇ ਕੋਲ ਪਹੁੰਚੇ ਤਾਂ ਉੱਥੇ ਭਾਈ ਭਗਤੇ ਦੇ ਪੁੱਤਰਾਂ ਦੀ ਬੇਨਤੀ ਤੇ ਕੁਝ ਦਿਨ ਸਤਿਗੁਰੂ ਜੀ ਨੂੰ ਵਿਸ਼ਰਾਮ ਕਰਨਾ ਪਿਆ। ਇੱਕ ਦਿਨ ਵੀਹ ਕੁ ਨਗਰ ਵਾਸੀ ਮਾਈ ਭਾਈ ਆਪ ਜੀ ਪਾਸ ਬੈਠੇ ਸਨ। ਥੋੜ੍ਹੀ ਦੂਰ ਥੇਹ ਤੇ ਇੱਕ ਤਿੱਤਰ ਨੂੰ ਬੋਲਦਿਆਂ ਵੇਖ ਕੇ ਸਤਿਗੁਰੂ ਜੀ ਮੁਸਕਰਾਏ ਤੇ ਬੋਲੇ, "ਮਾਇਆ ਕੈਸੀ ਪ੍ਰਬਲ ਹੈ, ਮੁਰਦੇ ਵੀ ਇਸ ਨੂੰ ਨਹੀਂ ਭਲਾਉਂਦੇ। ਧਰਤੀ ਦੇ ਮਾਲਕ ਉਮਰ ਭੋਗ ਕੇ ਮਰੇ ਪਰ ਮਾਲਕੀ ਦੀ ਵਾਸਨਾ ਫਿਰ ਇਨ੍ਹਾਂ ਨੂੰ ਪੰਛੀ ਰੂਪ ਵਿੱਚ ਧਰਤੀ ਤੇ ਲੈ ਆਈ।"

ਇਹ ਬਚਨ ਸੁਣ ਕੇ ਭਾਈ ਜੋਧ ਸਿੰਘ ਜੀ ਨੇ ਬੇਨਤੀ ਕੀਤੀ, "ਦਾਤਾ! ਕਿਹੜਾ ਪੰਛੀ ਰੂਪ ਵਿੱਚ ਧਰਤੀ ਦੇਖਣ ਆਇਆ ਹੈ?" ਸਤਿਗੁਰੂ ਬੋਲੇ, "ਸਿੰਘਾ! ਉਹ ਸਾਹਮਣੇ ਥੇਹ ਤੇ ਤਿੱਤਰ ਬੋਲ ਰਿਹਾ ਹੈ ਜੋ ਆਪਣੇ ਘਰ ਦੇ ਢੇਰ ਉੱਤੇ ਬੈਠਾ ਹੈ। ਉਸ ਨੂੰ ਪਕੜ ਕੇ ਲਿਆ। ਉਹ ਤੈਨੂੰ ਵੇਖ ਉਡੇਗਾ ਨਹੀਂ।

ਭਾਈ ਜੋਧ ਸਿੰਘ ਨੇ ਤਿੱਤਰ ਫੜ ਕੇ ਸਤਿਗੁਰੂ ਦੇ ਕਮਲ ਰੂਪ ਹੱਥਾਂ ਵਿੱਚ ਦੇ ਦਿੱਤਾ ਤਾਂ ਉਸ ਪੰਛੀ ਨੂੰ ਸਾਰੀ ਸੂਝ ਹੋ ਗਈ। ਉਹ ਮਰਦਾਂ ਵਾਂਗ ਬੋਲਣ ਲੱਗਾ ਕਿ ਮੈਂ ਇਸ ਨਗਰ ਦਾ ਚੌਧਰੀ ਹਾਂ, ਮੇਰੇ ਕੋਲ ਬਹੁਤ ਸਾਰੀ ਧਰਤੀ ਸੀ। ਮੇਰੀ ਵਹੁਟੀ ਮੈਥੋਂ ਪਹਿਲਾਂ ਹੀ ਚੜ੍ਹਾਈ ਕਰ ਗਈ। ਪੁੱਤਰ ਵੀ ਚੜ੍ਹਾਈ ਕਰ ਗਿਆ। ਸ਼ਰੀਕ ਮੇਰੀ ਧਰਤੀ ਦੀਆਂ ਵੰਡੀਆਂ ਪਾਉਣ ਲੱਗ ਪਏ ਪਰ ਮੈਂ ਇਹੋ ਚਿਤਵਦਾ ਰਿਹਾ ਕਿ ਜ਼ਮੀਨ ਦਾ ਮਾਲਕ ਮੈਂ ਹੀ ਹਾਂ, ਸ਼ਰੀਕ ਨਾ ਵੰਡੀਆਂ ਪਾਉਣ। ਮੇਰੀ ਉਮਰ 90 ਸਾਲ ਹੋ ਗਈ। ਜਦੋਂ ਕਿ ਮੈਂ ਮਰ ਗਿਆ, ਪਰ ਮੇਰਾ ਧਿਆਨ ਜ਼ਮੀਨ ਵਿੱਚ ਹੀ ਰਿਹਾ। ਮਰਨ ਪਿੱਛੋਂ ਮੈਂ ਕਾਂ ਦਾ ਜਨਮ ਧਾਰਿਆ ਤੇ ਆਪਣੇ ਖੇਤਾਂ ਵਿੱਚ ਹੀ ਰਹਿਣ ਲੱਗਾ। ਹੁਣ ਜਿਹੜਾ ਵੀ ਸ਼ਰੀਕ ਮੇਰੀ ਪੈਲੀ ਵਾਹੁੰਦਾ, ਮੈਂ ਉਸ ਦੇ ਡੰਗਰਾਂ ਨੂੰ ਠੂੰਗੇ ਮਾਰ-ਮਾਰ ਕੇ ਜ਼ਖਮੀ ਕਰ ਦਿੰਦਾ।

ਮੇਰੀ ਜ਼ਮੀਨ ਵਾਹੁਣ ਵਾਲਿਆਂ ਨੇ ਇੱਕ ਸ਼ਿਕਾਰੀ ਲੈ ਆਉਂਦਾ ਉਸਨੇ ਮੈਨੂੰ ਮਾਰ ਕੇ ਮੇਰਾ ਸਰੀਰ ਕਿੱਕਰ ਨਾਲ ਟੰਗ ਦਿੱਤਾ। ਹੁਣ ਉਸ ਜਨਮ ਤੋਂ ਪਿੱਛੋਂ ਮੈਂ ਤਿੱਤਰ ਦਾ ਜਨਮ ਪਾਇਆ ਹੈ ਤੇ ਫਿਰ ਆਪਣੀ ਧਰਤੀ ਉੱਤੇ ਆ ਕੇ ਟਿਕਿਆ ਹਾਂ। ਕਾਂ ਰੂਪ ਵਿੱਚ ਮੈਂ ਬੇਜ਼ੁਬਾਨੇ ਪਸ਼ੂਆਂ ਨੂੰ ਠੂੰਗੇ ਮਾਰੇ ਸਨ। ਹੁਣ ਮੈਂ ਤਿੱਤਰ ਰੂਪ ਵਿੱਚ ਮਨੁੱਖਾਂ ਦੀ ਖੁਰਾਕ ਬਣ ਗਿਆ ਹਾਂ। ਹੇ ਦਾਤਾ ਜੀ! ਮੇਰੇ ਤੇ ਮਿਹਰ ਕਰੋ। ਹੁਣ ਮੈਂ ਧਰਤੀ ਦਾ ਖਿਆਲ ਨਹੀਂ ਕਰਦਾ। ਦਾਤੇ ਨੇ ਉਸਦੀ ਬੇਨਤੀ ਸੁਣ ਕੇ ਉਸ ਦੇ ਜੀਵਨ ਦੇ ਬੰਧਨ ਕੱਟ ਦਿੱਤੇ।

ਧੰਨ ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਕਹਿੰਦੇ ਹਨ, ਉਸ ਬੰਦੇ ਦਾ ਜੀਵਨ ਕਿਸੇ ਕੰਮ ਦਾ ਨਹੀਂ ਜੋ ਪਰਮੇਸ਼ਰ ਦਾ ਨਾਮ ਭੁਲਾ ਕੇ ਮਾਇਆ ਵਿੱਚ ਫਸ ਜਾਂਦਾ ਹੈ।

***—ਬਾਕੀ ਸਲੋਕ ਅਗਲੇ ਅੰਕ ਵਿੱਚ ਪੜ੍ਹੋ ਜੀ***

# ਜ਼ਿੰਦਗੀ ਦੀਆਂ ਬਰੀਕੀਆਂ

## ਸਵਾਲ ਜਵਾਬ

ਸਤਿਗੁਰੂ ਜੀ ਦੀ ਕ੍ਰਿਪਾ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਜ਼ਿੰਦਗੀ ਦੀਆਂ ਬਰੀਕੀਆਂ ਕਾਲਮ **'ਸਿਫਤਿ ਸਾਲਾਹ ਰਸਾਲੇ'** ਵਿੱਚ ਪਿਛਲੇ ਕਈ ਸਾਲਾਂ ਤੋਂ ਪ੍ਰਕਾਸ਼ਿਤ ਹੋ ਰਿਹਾ ਹੈ। ਇਸ ਕਾਲਮ ਵਿੱਚ ਭਾਈ ਸਾਹਿਬ ਜੀ ਦੇ ਕੀਰਤਨ ਦੇ ਉਨ੍ਹਾਂ ਅੰਸ਼ਾਂ ਨੂੰ ਸਵਾਲ-ਜਵਾਬ ਦੇ ਰੂਪ ਵਿੱਚ ਹੂ-ਬ-ਹੂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਜਿਨ੍ਹਾਂ ਵਿੱਚ ਭਾਈ ਸਾਹਿਬ ਕੀਰਤਨ ਕਰਦਿਆਂ ਸੰਗਤਾਂ ਨੂੰ ਆਮ ਪੇਸ਼ ਆਉਂਦੀਆਂ ਦੁਨਿਆਵੀਂ ਤੇ ਅਧਿਆਤਮਿਕ ਸਮੱਸਿਆਵਾਂ ਦਾ ਗੁਰਮਤਿ ਅਨੁਸਾਰ ਸਮਾਧਾਨ ਕਰਨ ਦੀ ਪ੍ਰੇਰਨਾ ਦਿੰਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਸਵਾਲਾਂ ਨੂੰ ਵੀ ਇਸ ਕਾਲਮ ਦਾ ਹਿੱਸਾ ਬਣਾਇਆ ਜਾਂਦਾ ਹੈ ਜਿਨ੍ਹਾਂ ਰਾਹੀਂ ਸਮੇਂ-ਸਮੇਂ ਸੰਗਤਾਂ ਭਾਈ ਸਾਹਿਬ ਤੋਂ ਗੁਰਮਤਿ ਅਨੁਸਾਰ ਦੁਨਿਆਵੀਂ ਤੇ ਅਧਿਆਤਮਿਕ ਸੇਧ ਪ੍ਰਾਪਤ ਕਰਦੀਆਂ ਹਨ।

25. **ਸਵਾਲ: ਸਤਿਕਾਰਯੋਗ ਵੀਰ ਜੀ, ਸਾਡਾ ਕੋਈ ਜ਼ਮੀਨ ਦਾ ਝਗੜਾ ਚੱਲ ਰਿਹਾ ਹੈ, ਹਰ ਮਹੀਨੇ ਕੋਰਟ ਦੀ ਤਾਰੀਖ ਪੈ ਜਾਂਦੀ ਹੈ। ਅਸੀਂ ਸਮਝੌਤਾ ਕਰਨ ਲਈ ਤਿਆਰ ਹਾਂ ਪਰ ਦੂਸਰੀ ਪਾਰਟੀ ਵਾਲੇ ਬੰਦੇ ਬਹੁਤ ਆਕੜ ਵਾਲੇ ਹਨ ਤੇ ਕਿਸੇ ਤਰ੍ਹਾਂ ਵੀ ਉਹ ਸਮਝੌਤਾ ਨਹੀਂ ਕਰਨਾ ਚਾਹੁੰਦੇ। ਕੋਈ ਜੁਗਤੀ ਦੱਸੋ ਤਾਂ ਕਿ ਉਹ ਸਮਝੌਤਾ ਕਰ ਲੈਣ?**

**ਜਵਾਬ:** ਤੁਸੀਂ ਗੁਰਬਾਣੀ ਦਾ ਓਟ ਆਸਰਾ ਲੈਂਦਿਆਂ ਘਰ ਵਿੱਚ ਹੀ ਸ੍ਰੀ ਸੁਖਮਨੀ ਸਾਹਿਬ ਜੀ ਦੀ ਸੈਂਚੀ ਲਗਾ ਲਓ ਤੇ ਸਾਰਾ ਪਰਿਵਾਰ ਮਿਲ ਕੇ ਹਰ ਰੋਜ਼ ਪੰਜ ਪਾਠ ਸ੍ਰੀ ਸੁਖਮਨੀ ਸਾਹਿਬ ਜੀ ਦੇ ਕਰੋ ਤੇ ਹਫਤੇ ਬਾਅਦ ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਦਰ ਗੁ: ਸ਼ਹੀਦਾਂ ਸਾਹਿਬ ਜਾ ਕੇ ਕੜਾਹ ਪ੍ਰਸ਼ਾਦਿ ਦੀ ਦੇਗ ਲੈ ਕੇ ਵੱਡੀ ਅਰਦਾਸ ਕਰੋ ਕਿ ਬਾਬਾ ਜੀ ਕਿਰਪਾ ਕਰ ਦਿਓ, ਦੂਸਰੀ ਪਾਰਟੀ ਨਾਲ ਸਮਝੌਤਾ ਹੋ ਜਾਵੇ। ਜਿਸ ਦਿਨ ਤੁਸੀਂ ਦੂਸਰੀ ਪਾਰਟੀ ਨੂੰ ਮਿਲਣ ਜਾਣਾ ਹੈ, ਉਸ ਦਿਨ ਗੁਰੂ ਸਾਹਿਬ ਨੂੰ ਨਾਲ ਲੈ ਕੇ ਜਾਓ। ਗੁਰੂ ਸਾਹਿਬ ਨਾਲ ਕਿਵੇਂ ਜਾਂਦੇ ਹਨ? ਜਿਸ ਦਿਨ ਤਾਰੀਖ ਮੇਲੀ ਹੈ, ਉਸ ਦਿਨ ਅੰਮ੍ਰਿਤ ਵੇਲੇ ਉੱਠ ਕੇ ਕੇਸੀ ਇਸ਼ਨਾਨ ਕਰਕੇ, ਪੰਜ ਪਾਠ ਸ੍ਰੀ ਸੁਖਮਨੀ ਸਾਹਿਬ ਜੀ ਦੇ ਕਰਕੇ ਗੁਰਦੁਆਰਾ ਸਾਹਿਬ ਆ ਕੇ ਕੜਾਹ ਪ੍ਰਸ਼ਾਦਿ ਦੀ ਦੇਗ ਲੈ ਕੇ ਗਲ ਵਿੱਚ ਪੱਲਾ ਪਾ ਕੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਰਦਾਸ ਕਰਨੀ ਕਿ ਬਾਬਾ ਜੀ! ਅੱਜ ਦੂਸਰੀ ਪਾਰਟੀ ਨੂੰ ਸਮਝੌਤੇ ਵਾਸਤੇ ਮਿਲਣ ਜਾਣਾ ਹੈ ਤੇ ਤੁਸੀਂ ਦੂਸਰੀ ਪਾਰਟੀ ਦੇ ਹਿਰਦੇ ਵਿੱਚ ਆਪ ਹੀ ਬੈਠ ਕੇ ਫੈਸਲਾ ਕਰਵਾਓ।

ਕੋਰਟ ਜਾਣ ਤੋਂ ਪਹਿਲਾਂ ਘਰ ਦੇ ਕਿਸੇ ਵੀ ਮੈਂਬਰ ਦੀ ਡਿਊਟੀ ਲਗਾ ਜਾਓ ਕਿ ਉਹ ਤੁਹਾਡੇ ਪਿੱਛੋਂ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਜਾਰੀ ਰੱਖੇ। ਜਦ ਤੁਸੀਂ ਇਸ ਤਰ੍ਹਾਂ ਕਰੋਗੇ ਤਾਂ ਤੁਸੀਂ ਬਾਅਦ ਵਿੱਚ ਪਹੁੰਚੋਗੇ ਧੰਨ ਧੰਨ ਬਾਬਾ ਦੀਪ ਸਿੰਘ ਜੀ ਨੇ ਤੁਹਾਡੇ ਤੋਂ ਪਹਿਲਾਂ ਪਹੁੰਚੇ ਹੋਣਗੇ। ਇਸ ਤਰ੍ਹਾਂ ਬਾਣੀ ਦਾ ਓਟ ਆਸਰਾ ਲੈ ਕੇ ਗੁਰੂ ਸਾਹਿਬ ਨੂੰ ਰਿਝਾਉਣ ਨਾਲ ਉਹ ਕਾਰਜ ਵੀ ਰਾਸ ਹੋ ਜਾਂਦੇ ਹਨ ਜਿਹੜੇ ਬੰਦੇ ਨੇ ਕਦੀ ਸੋਚੇ ਹੀ ਨਹੀਂ ਹੁੰਦੇ। ਗੁਰਬਾਣੀ ਦਾ ਫ਼ਰਮਾਨ ਹੈ:

***ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ***
***ਜਿਥੈ ਕਿਥੈ ਮੈਨੋ ਲਏ ਛਡਾਈ॥***

*(ਅੰਗ ੫੮੮)*

***

**26. ਸਵਾਲ: ਸਤਿਕਾਰਯੋਗ ਵੀਰ ਜੀ, ਕਈ ਪ੍ਰਚਾਰਕ ਇਹ ਪ੍ਰਚਾਰ ਕਰਦੇ ਹਨ ਕਿ ਜ਼ਿਆਦਾ ਗੁਰਬਾਣੀ ਪੜ੍ਹਨ ਦੀ ਲੋੜ ਨਹੀਂ ਅਤੇ ਨਾ ਹੀ ਪਾਠਾਂ ਦੀ ਗਿਣਤੀ ਕਰਨੀ ਚਾਹੀਦੀ ਹੈ। ਇਸ ਕਰਕੇ ਮਨ ਦੁਚਿੱਤੀ 'ਚ ਆ ਜਾਂਦਾ ਹੈ। ਆਪ ਜੀ ਕੋਈ ਸੇਧ ਦਿਓ?**

**ਜਵਾਬ:** ਜਦ ਮਨ ਦੁਚਿੱਤੀ 'ਚ ਆ ਜਾਵੇ ਤਾਂ ਸਿੱਖ ਨੇ ਦੋ ਜਗ੍ਹਾ ਤੋਂ ਰਸਤਾ ਲੈਣਾ ਹੈ: ਇੱਕ ਹਨ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਅਤੇ ਦੂਸਰਾ ਹੈ ਗੁਰ ਇਤਿਹਾਸ। ਜਦੋਂ ਕੋਈ ਇਹ ਕਹੇ ਕਿ ਜ਼ਿਆਦਾ ਬਾਣੀ ਪੜ੍ਹਨ ਦੀ ਲੋੜ ਨਹੀਂ ਤਾਂ ਇਸ ਬਾਰੇ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦੀ ਇਹ ਪੰਕਤੀ ਸਾਹਮਣੇ ਰੱਖਿਆ ਕਰੋ:

***ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ॥***

*(ਸ੍ਰੀ ਅਨੰਦ ਸਾਹਿਬ)*

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਵੀ ਫੁਰਮਾਨ ਕਰਦੇ ਹਨ:

***ਆਇਓ ਸੁਨਨ ਪੜਨ ਕਉ ਬਾਣੀ॥***

*(ਅੰਗ ੧੨੧੯)*

ਇਸ ਤੋਂ ਇਲਾਵਾ ਜੇ ਅਸੀਂ ਗੁਰ-ਇਤਿਹਾਸ ਵੱਲ ਨਿਗ੍ਹਾ ਮਾਰੀਏ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ 101 ਪਾਠ ਰੋਜ਼ਾਨਾ ਜਪੁ ਜੀ ਸਾਹਿਬ ਜੀ ਦਾ ਨੇਮ ਸੀ। ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਨੇ ਸਵਾ ਲੱਖ ਜਪੁ ਜੀ ਸਾਹਿਬ ਦੇ ਪਾਠਾਂ ਦੀ ਦੋ ਵਾਰੀ ਹਾਜ਼ਰੀ ਇਸ ਕਰਕੇ ਲਗਾਈ ਕਿ ਦਸਮ ਪਾਤਸ਼ਾਹ ਜੀ ਦੇ ਪ੍ਰਤੱਖ ਦਰਸ਼ਨ ਹੋ ਜਾਣ। ਭਾਈ ਬਚਿੱਤਰ ਸਿੰਘ ਜੀ, ਜਿਨ੍ਹਾਂ ਨੇ ਮਸਤ ਹਾਥੀ ਦਾ ਸਿਰ ਵਿੰਨ੍ਹਿਆ ਸੀ, ਉਨ੍ਹਾਂ ਦਾ ਅੰਮ੍ਰਿਤ ਵੇਲੇ ਕੁਝ ਛਕਣ ਤੋਂ ਪਹਿਲਾਂ 21 ਪਾਠ ਜਪੁ ਜੀ ਸਾਹਿਬ ਜੀ ਦਾ ਨੇਮ ਸੀ। ਇਹੋ ਜਿਹੇ ਪ੍ਰਸੰਗ ਆਪ ਜੀ ਨੂੰ ਡੋਲਣ ਨਹੀਂ ਦੇਣਗੇ, ਸਗੋਂ ਤੁਹਾਡੀ ਬੈਟਰੀ ਚਾਰਜ ਕਰਨਗੇ। ਜਿੱਥੋਂ ਤੱਕ ਇਸ ਸਵਾਲ ਦਾ ਸੰਬੰਧ ਹੈ ਕਿ ਪਾਠਾਂ ਦੀ ਗਿਣਤੀ ਵਿੱਚ ਪੈਣਾ ਚਾਹੀਦਾ ਹੈ ਜਾਂ ਨਹੀਂ ਤਾਂ ਇਸ ਬਾਰੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋਂ ਸੇਧ ਲਿਆ ਕਰੋ। ਅੰਮ੍ਰਿਤ ਸੰਚਾਰ ਵੇਲੇ ਵੀ ਪੰਜ ਪਿਆਰੇ ਇਹ ਹੁਕਮ ਕਰਦੇ ਹਨ ਕਿ ਪੰਜ ਬਾਣੀਆਂ ਦਾ ਨਿਤਨੇਮ ਕਰਨਾ ਸਿੱਖ ਲਈ ਰੋਜ਼ਾਨਾ ਜ਼ਰੂਰੀ ਹੈ। ਇਹ ਵੀ ਤਾਂ ਗਿਣਤੀ ਹੀ ਹੋ ਗਈ। ਇਸ ਤੋਂ ਇਲਾਵਾ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੇ ਗੋਇੰਦਵਾਲ ਸਾਹਿਬ 84 ਪਉੜੀਆਂ 'ਤੇ ਸ਼ਰਧਾ ਨਾਲ ਇਸ਼ਨਾਨ ਤੇ 84 ਪਾਠ ਜਪੁ ਜੀ ਸਾਹਿਬ ਜੀ ਦੀ ਪ੍ਰੇਰਨਾ ਵੀ ਤਾਂ ਗਿਣਤੀ ਹੀ ਹੈ। ਇਸ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਹਰ ਅੰਗ ਉੱਪਰ ਗਿਣਤੀ ਲਿਖੀ ਹੈ, ਜਪੁ ਜੀ ਸਾਹਿਬ, ਅਨੰਦੁ ਸਾਹਿਬ ਜੀ ਦੀ ਹਰ ਪਉੜੀ 'ਤੇ ਗਿਣਤੀ ਹੈ। ਅਸੀਂ ਕਹਿੰਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਤੋਂ ਸਹਿਜ ਪਾਠ ਦੀ ਸਤਿਗੁਰੂ ਮੇਰੇ ਕੋਲੋਂ ਸੇਵਾ ਲੈ ਰਹੇ ਹਨ। ਮੈਂ ਇੰਨੇ ਅੰਗ ਤੱਕ ਪਾਠ ਕਰ ਲਿਆ ਹੈ, ਇਹ ਵੀ ਤਾਂ ਗਿਣਤੀ ਹੀ ਹੈ। ਜੇ ਕੋਈ ਆਪਣੇ 'ਤੇ ਬੈਨ ਲਗਾ ਕੇ

*—ਬਾਕੀ ਹਿੱਸਾ ਪੰਨਾ 21 'ਤੇ ਪੜ੍ਹੋ ਜੀ*



# ਜੀਵਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ
# ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥

*-ਭਾਈ ਅਮਰੀਕ ਸਿੰਘ ਗਨੈਸਕ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

"ਵਾਹਿਗੁਰੂ !" ਮਹਾਂਪੁਰਖਾਂ ਦੇ ਦਰਸ਼ਨ ਕਰਕੇ ਸ੍ਰ. ਨਰੈਣ ਸਿੰਘ ਦੇ ਮੁੱਖ ਤੋਂ ਉਚਾਰਨ ਹੋਇਆ।

ਅੰਗਰੇਜ਼ਾਂ ਦੇ ਰਾਜ ਵੇਲੇ ਗਰਮੀਆਂ ਵਿੱਚ ਵਾਇਸਰਾਏ ਦਾ ਦਫ਼ਤਰ ਅਤੇ ਪਟਿਆਲਾ ਰਿਆਸਤ ਦੇ ਦਫ਼ਤਰ ਆਰਜ਼ੀ ਤੌਰ ਤੇ ਸ਼ਿਮਲੇ ਲਿਜਾਏ ਜਾਂਦੇ ਸਨ। ਹੁਣ ਅੰਗਰੇਜ਼ ਤਾਂ ਚਲੇ ਗਏ ਸਨ, ਪਟਿਆਲਾ ਰਿਆਸਤ ਦਾ ਦਫ਼ਤਰ ਸ਼ਿਮਲੇ ਆਇਆ ਹੋਇਆ ਸੀ ਜਿਸ ਕਾਰਨ ਅਫ਼ਸਰ ਅਤੇ ਮੁਲਾਜ਼ਮ ਵੀ ਸ਼ਿਮਲੇ ਆਏ ਹੋਏ ਸਨ। ਸ੍ਰ. ਨਰੈਣ ਸਿੰਘ ਅਕੋਈ ਵਾਲੇ ਵੀ ਅਹੁਦੇ ਕਾਰਨ ਸ਼ਿਮਲੇ ਆਏ ਹੋਏ ਸਨ।

ਸ੍ਰ. ਨਰੈਣ ਸਿੰਘ ਦੀ ਸਪੁੱਤਰੀ ਬੀਬੀ ਬਲਵੰਤ ਕੌਰ ਪਰਿਵਾਰ ਸਮੇਤ ਦਿੱਲੀ ਰਹਿੰਦੀ ਸੀ। ਜਦ ਵੀ ਮਹਾਂਪੁਰਖ ਦਿੱਲੀ ਜਾਂਦੇ ਬੀਬੀ ਬਲਵੰਤ ਕੌਰ ਦੀਵਾਨਾਂ ਵਿੱਚ ਹਾਜ਼ਰੀ ਭਰਦੀ। ਉਸਦੇ ਸਿਰ ਵਿੱਚ ਦਰਦ ਰਹਿੰਦਾ ਸੀ। ਬੜੀਆਂ ਦਵਾਈਆਂ ਲਈਆਂ, ਬੜੇ ਇਲਾਜ ਕਰਵਾਏ ਪਰ ਅਰਾਮ ਕਿਧਰੋਂ ਵੀ ਨਹੀਂ ਸੀ ਆਇਆ। ਮਹਾਂਪੁਰਖਾਂ ਪਾਸ ਬੇਨਤੀ ਕੀਤੀ। ਦਰਦ ਉਸੇ ਵੇਲੇ ਠੀਕ ਹੋ ਗਿਆ। ਉਸ ਤੋਂ ਬਾਅਦ ਦੁਬਾਰਾ ਕਦੇ ਸਿਰ ਦਰਦ ਨਹੀਂ ਹੋਇਆ। ਉਨ੍ਹਾਂ ਦਿਨਾਂ ਵਿੱਚ ਰਿਸ਼ਤੇਦਾਰਾਂ, ਭੈਣਾਂ-ਭਰਾਵਾਂ ਨਾਲ ਸੁੱਖ ਸੁਨੇਹੇ ਚਿੱਠੀ ਪੱਤਰ ਨਾਲ ਹੀ ਸਾਂਝੇ ਹੁੰਦੇ ਸਨ। ਬੀਬੀ ਬਲਵੰਤ ਕੌਰ ਨੇ ਪਿਤਾ ਸ੍ਰ. ਨਰੈਣ ਸਿੰਘ ਅਤੇ ਭੈਣ ਮਲਵਿੰਦਰ ਕੌਰ ਨੂੰ ਚਿੱਠੀ ਰਾਹੀਂ ਬਾਬਾ ਜੀ ਬਾਰੇ ਦੱਸਿਆ। ਮਲਵਿੰਦਰ ਕੌਰ ਪਰਿਵਾਰ ਸਮੇਤ ਕਰਮਸਰ ਰਾੜਾ ਸਾਹਿਬ ਦਰਸ਼ਨ ਕਰਨ ਆਉਣ ਲੱਗੀ।

ਮਲਵਿੰਦਰ ਕੌਰ ਨੇ ਆਪਣੇ ਪਤੀ ਨਾਲ ਸਲਾਹ ਕੀਤੀ ਕਿ ਗਰਮੀਆਂ ਦੇ ਦਿਨ ਹਨ, ਮਹਾਂਪੁਰਖਾਂ ਨੂੰ ਸ਼ਿਮਲੇ ਦਰਸ਼ਨ ਦੇਣ ਦੀ ਬੇਨਤੀ ਕੀਤੀ ਜਾਵੇ। ਮਲਵਿੰਦਰ ਕੌਰ ਦੇ ਮਨ ਵਿੱਚ ਇਹ ਵੀ ਭਾਵਨਾ ਸੀ ਕਿ ਸ੍ਰ. ਨਰੈਣ ਸਿੰਘ ਵੀ ਬਾਬਾ ਜੀ ਦੇ ਦਰਸ਼ਨ ਕਰ ਲੈਣਗੇ। ਮਹਾਂਪੁਰਖਾਂ ਨੇ ਬੇਨਤੀ ਪ੍ਰਵਾਨ ਕਰ ਲਈ ਅਤੇ ਨੀਯਤ ਦਿਨ ਜਥੇ ਸਮੇਤ ਸ਼ਿਮਲੇ ਪਹੁੰਚੇ। ਮਲਵਿੰਦਰ ਕੌਰ ਦੇ ਪਤੀ ਦੀਆਂ ਦੋ ਕੋਠੀਆਂ ਸਨ। ਇੱਕ ਵਿੱਚ ਉਨ੍ਹਾਂ ਦੀ ਰਿਹਾਇਸ਼ ਸੀ, ਦੂਸਰੀ ਕੋਠੀ ਮੰਜੌਲੀ ਕੋਲ ਸੀ ਜਿਸ ਵਿੱਚ ਮਹਾਂਪੁਰਖਾਂ ਅਤੇ ਜਥੇ ਦੀ ਰਿਹਾਇਸ਼ ਦਾ ਬੜਾ ਸੁਚੱਜਾ ਪ੍ਰਬੰਧ ਕੀਤਾ ਗਿਆ ਸੀ। ਸਵੇਰੇ ਸ਼ਾਮ ਇੱਥੇ ਹੀ ਦੀਵਾਨ ਸਜਦਾ। ਸੰਗਤ ਹਾਜ਼ਰੀ ਭਰਦੀ।

ਸ੍ਰ. ਨਰੈਣ ਸਿੰਘ ਨੇ ਸ੍ਰੀਮਾਨ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ ਮਹਾਂਪੁਰਖਾਂ ਦੀ ਸੰਗਤ ਕੀਤੀ ਸੀ। ਮਸਤੂਆਣੇ ਵਾਲੇ ਮਹਾਂਪੁਰਖਾਂ ਦੇ ਦਰਸ਼ਨ ਕਰਕੇ ਮਨ ਮੋਹਿਆ ਜਾਂਦਾ ਸੀ। ਆਪ ਜੀ ਸਿੱਧੀਆਂ ਧਾਰਨਾਵਾਂ ਵਿੱਚ ਕੀਰਤਨ ਕਰਦੇ। ਮਿੱਠੀ ਅਵਾਜ਼ ਕੰਨਾਂ ਰਾਹੀਂ ਹਿਰਦੇ ਵਿੱਚ ਉਤਰ ਜਾਂਦੀ। ਉਨ੍ਹਾਂ ਸੁਹਾਵਣੇ ਸਮਿਆਂ ਦੀਆਂ ਹੁਣ ਯਾਦਾਂ ਹੀ ਰਹਿ ਗਈਆਂ ਸਨ।

ਆਪਣੀਆਂ ਬੇਟੀਆਂ ਪਾਸੋਂ ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਬਾਰੇ ਸੁਣ ਕੇ ਦਰਸ਼ਨਾਂ ਦੀ ਖਿੱਚ ਤਾਂ ਪੈਦਾ ਹੋਈ ਸੀ ਪਰ ਦਰਸ਼ਨ ਕਰਦਿਆਂ ਹੀ ਜੋ ਮਹਿਸੂਸ ਹੋਇਆ, ਉਸਦਾ ਬਿਲਕੁਲ ਵੀ ਅੰਦਾਜ਼ਾ ਨਹੀਂ ਸੀ। ਮਸਤੂਆਣੇ ਵਾਲੇ ਮਹਾਂਪੁਰਖਾਂ ਦਾ ਸਰੂਪ ਸਾਹਮਣੇ ਆ ਗਿਆ। ਬਾਬਾ ਜੀ ਨੇ ਸ਼ਾਨ ਸ਼ੁਰੂ ਕੀਤੀ ਤਾਂ ਇਉਂ ਲੱਗਾ ਜਿਵੇਂ ਕੋਈ ਅਲੌਕਿਕ ਰੂਹਾਨੀ ਵਾਤਾਵਰਨ ਸਿਰਜਿਆ ਜਾ ਰਿਹਾ ਹੈ। ਸਰੀਰ ਹੌਲਾ ਫੁੱਲ ਜਾਪਣ ਲੱਗਾ। ਇੱਕ ਅਕਹਿ ਰਸ ਮਹਿਸੂਸ ਹੋਣ ਲੱਗਾ। ਸ਼ਾਨ ਤੋਂ ਬਾਅਦ ਬਾਬਾ ਜੀ ਨੇ ਮੰਗਲਾਚਰਨ ਪੜ੍ਹਿਆ। ਫਿਰ ਧਾਰਨਾ ਪੜ੍ਹਨੀ ਸ਼ੁਰੂ ਕੀਤੀ। ਸੰਗਤ ਵੀ ਜੋਟੀਆਂ ਵਿੱਚ ਧਾਰਨਾ ਪੜ੍ਹ ਰਹੀ ਸੀ। ਸ੍ਰ. ਨਰੈਣ ਸਿੰਘ ਨੂੰ ਉਹੀ ਖੇੜਾ ਅਨੁਭਵ ਹੋ ਰਿਹਾ ਸੀ ਜੋ ਮਸਤੂਆਣੇ ਵਾਲੇ ਮਹਾਂਪੁਰਖਾਂ ਦੀ ਸੰਗਤ ਕਰਦਿਆਂ ਮਹਿਸੂਸ ਹੋਇਆ ਕਰਦਾ ਸੀ।

ਬਾਬਾ ਜੀ ਨੇ ਰੂਹਾਨੀ ਵਿਚਾਰ ਆਰੰਭ ਕੀਤੀ, "ਇਹ ਮਾਨਸ ਜਨਮ ਦੁਰਲਭ ਹੈ ਜੋ ਵੱਡੇ ਭਾਗਾਂ ਨਾਲ ਪ੍ਰਾਪਤ ਹੋਇਆ ਹੈ। ਇਸ ਦਾ ਪ੍ਰਯੋਜਨ ਪ੍ਰਭੂ ਪ੍ਰਾਪਤੀ ਹੈ। ਇਸ ਮਨੋਰਥ ਦੀ ਪ੍ਰਾਪਤ ਲਈ ਭਜਨ ਬੰਦਗੀ ਸੇਵਾ ਇਤਿਆਦਿ ਸਾਧਨ ਕਰਨੇ ਚਾਹੀਦੇ ਹਨ। ਮਨੁੱਖਾ ਜਨਮ ਪਾ ਕੇ ਵੀ ਜੋ ਪਰਮੇਸ਼ਰ ਦੀ ਬੰਦਗੀ ਨਹੀਂ ਕਰਦਾ ਉਹ ਤਾਂ ਜਾਣੋ ਹੱਥ ਵਿੱਚ ਤਿੱਖਾ ਛੁਰਾ ਲੈ ਕੇ ਆਪਣੀ ਜੀਵਆਤਮਾ ਨੂੰ ਕਤਲ ਕਰ ਰਿਹਾ ਹੈ। ਆਤਮ ਘਾਤ ਕਰ ਰਿਹਾ ਹੈ। ਨਾਮ ਤੋਂ, ਭਜਨ ਬੰਦਗੀ ਤੋਂ ਹੀਣਾ ਜੀਵਨ ਨਿਹਫਲ ਹੈ। ਉਸਦਾ ਖਾਣਾ-ਪੀਣਾ, ਹੱਸਣਾ-ਖੇਡਣਾ ਵਿਅਰਥ ਹੈ, ਸੋਹਣੇ ਬਸਤਰ ਪਾਉਣੇ ਤਨ ਨੂੰ ਸ਼ਿੰਗਾਰਨਾ ਇਵੇਂ ਹੈ ਜਿਵੇਂ ਕੋਈ ਮੁਰਦੇ ਨੂੰ ਸ਼ਿੰਗਾਰੇ।

***ਨਾਮ ਬਿਨਾ ਜੇਤਾ ਬਿਉਹਾਰੁ ॥***
***ਜਿਉ ਮਿਰਤਕ ਮਿਥਿਆ ਸੀਗਾਰੁ ॥੨॥***

*(ਅੰਗ ੨੪੦)*

ਨਾਮ ਤੋਂ ਬਿਨਾਂ ਇਹ ਦੇਹ ਅਗਿਆਨ ਦੀ ਨੀਂਦ ਵਿੱਚ ਸੁੱਤੀ ਪਈ ਹੈ ਬੇਸੁਧ ਹੋਈ ਪਈ ਹੈ।

***ਗਉੜੀ ਗੁਆਰੇਰੀ ਮਹਲਾ ੫ ॥***
***ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥***
***ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥***
***ਰਸਨਾ ਸੋਈ ਲੋਭਿ ਮੀਠੈ ਸਾਦਿ ॥***
***ਮਨੁ ਸੋਇਆ ਮਾਇਆ ਬਿਸਮਾਦਿ ॥੧॥***
***ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥***
***ਸਾਬਤੁ ਵਸਤੁ ਓਹੁ ਅਪਨੀ ਲਹੈ ॥੧॥ ਰਹਾਉ ॥***
***ਸਗਲ ਸਹੇਲੀ ਅਪਨੈ ਰਸ ਮਾਤੀ ॥***
***ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥***
***ਮੁਸਨਹਾਰ ਪੰਚ ਬਟਵਾਰੇ ॥***
***ਸੂਨੇ ਨਗਰਿ ਪਰੇ ਠਗਹਾਰੇ ॥੨॥***
***ਉਨ ਤੇ ਰਾਖੈ ਬਾਪੁ ਨ ਮਾਈ ॥***
***ਉਨ ਤੇ ਰਾਖੈ ਮੀਤੁ ਨ ਭਾਈ ॥***
***ਦਰਬਿ ਸਿਆਣਪ ਨਾ ਓਇ ਰਹਤੇ ॥***
***ਸਾਧਸੰਗਿ ਓਇ ਦੁਸਟ ਵਸਿ ਹੋਤੇ ॥੩॥***
***ਕਰਿ ਕਿਰਪਾ ਮੋਹਿ ਸਾਰਿੰਗਪਾਣਿ ॥***
***ਸੰਤਨ ਧੂਰਿ ਸਰਬ ਨਿਧਾਨ ॥***
***ਸਾਬਤੁ ਪੂੰਜੀ ਸਤਿਗੁਰ ਸੰਗਿ ॥***
***ਨਾਨਕੁ ਜਾਗੈ ਪਾਰਬ੍ਰਹਮ ਕੈ ਰੰਗਿ ॥੪॥***
***ਸੋ ਜਾਗੈ ਜਿਸੁ ਪ੍ਰਭੁ ਕਿਰਪਾਲੁ ॥***
***ਇਹ ਪੂੰਜੀ ਸਾਬਤੁ ਧਨੁ ਮਾਲੁ ॥੧॥ ਰਹਾਉ ਦੂਜਾ ॥੨੦॥੮੯॥***

*(ਅੰਗ ੧੮੨)*

ਇਹ ਸੁੱਤੀ ਦੇਹ ਪਤਨੀ ਰਹੀ ਤਾਂ ਜਾਗਦੇ ਜੀਵ ਪਤੀ ਨਾਲ ਪਰ ਆਪ ਨੂੰ ਨਾ ਜਗਾਇਆ। ਸਥੂਲ ਸਰੀਰ ਅਤੇ ਸੂਖਮ ਸਰੀਰ ਅਗਿਆਨ ਦੀ ਨੀਂਦ ਵਿੱਚ ਸੁੱਤੇ ਹਨ। ਨੇਤਰ ਰੰਗ ਤਮਾਸ਼ੇ ਦੇਖਣ ਦੀ ਲਾਲਸਾ ਅਤੇ ਮੈਲੀ ਦ੍ਰਿਸ਼ਟੀ ਦੇ ਨਸ਼ੇ ਵਿੱਚ ਸੁੱਤੇ

ਹਨ। ਕੰਨ ਨਿੰਦਿਆਂ ਭਰੀਆਂ ਵਿਚਾਰਾਂ ਸੁਣ-ਸੁਣ ਅਧਮੋਏ ਹੋ ਕੇ ਸੁੱਤੇ ਹਨ। ਰਸਨਾ ਖਾਣ-ਪੀਣ ਦੇ ਸਵਾਦਾਂ ਨੂੰ ਮਿੱਠਾ ਮੰਨ ਕੇ ਲਬ ਦੀ ਨੀਂਦ ਸੁੱਤੀ ਪਈ ਹੈ। ਮਨ ਮਾਇਆ ਦੇ ਚਮਤਕਾਰਾਂ ਵਿੱਚ ਮਦਹੋਸ਼ ਹੋ ਕੇ ਸੁੱਤਾ ਹੈ। ਇਸ ਦੇਹ ਰੂਪੀ ਘਰ ਵਿੱਚ ਕੋਈ ਜਾਗਦਾ ਰਹੇ ਤਾਂ ਆਪਣੀ ਗਵਾਈ ਹੋਈ ਰੂਹਾਨੀ ਤੱਤ ਵਸਤੂ ਨੂੰ ਸਾਬਤ ਭਾਵ ਸਮੁੱਚੇ ਰੂਪ ਵਿੱਚ ਉਹੀ ਪ੍ਰਾਪਤ ਕਰ ਪਾਉਂਦਾ ਹੈ। ਵਰਤਾਰਾ ਇਹ ਵਰਤਿਆ ਹੋਇਆ ਹੈ ਕਿ ਮਨ, ਨੇਤਰ, ਕੰਨ, ਨੱਕ, ਰਸਨਾ ਅਤੇ ਚਮੜੀ ਆਦਿ ਸਾਰੀਆਂ ਇੰਦਰੀਆਂ ਰੂਪ ਸਹੇਲੀਆਂ ਆਪੋ-ਆਪਣੇ ਰਸ ਵਿੱਚ ਘੂਕ ਸੁੱਤੀਆਂ ਪਈਆਂ ਹਨ। ਆਪਣੇ ਘਰ ਦੀ ਉਨ੍ਹਾਂ ਨੂੰ ਕੋਈ ਖਬਰ ਨਹੀਂ ਹੈ। ਘਰ ਸੁੰਨਾ ਦੇਖ ਪੰਜ ਠੱਗ ਅੰਦਰ ਆ ਵੜੇ ਹਨ। ਇਨ੍ਹਾਂ ਤੋਂ ਨਾ ਮਾਂ ਬਚਾ ਸਕਦੀ ਹੈ ਨਾ ਪਿਉ। ਕਹਿੰਦੇ ਨੇ ਔਖੇ ਵੇਲੇ ਭਰਾ ਸਹਾਈ ਹੁੰਦੇ ਹਨ ਪਰ ਇਨ੍ਹਾਂ ਠੱਗਾਂ ਤੋਂ ਨਾ ਭਰਾ ਬਚਾ ਸਕਦੇ ਹਨ, ਨਾ ਮਿੱਤਰ। ਇਹ ਠੱਗ ਨਾ ਧਨ ਨਾਲ ਵਸ ਕੀਤੇ ਜਾ ਸਕਦੇ ਹਨ, ਨਾ ਸਿਆਣਪ ਨਾਲ ਕਾਬੂ ਆਉਂਦੇ ਹਨ। ਇਹ ਦੁਸ਼ਟ ਉਦੋਂ ਹੀ ਵਸ ਆਉਂਦੇ ਹਨ ਜਦ ਸਾਧ ਸੰਗਤ ਪ੍ਰਾਪਤ ਹੋ ਜਾਵੇ।

ਮਹਾਂਪੁਰਖ ਬਚਨ ਕਰ ਰਹੇ ਸਨ। ਸਾਰੀ ਸੰਗਤ ਇਕਾਗਰ ਹੋ ਕੇ ਸਰਵਣ ਕਰ ਰਹੀ ਸੀ। ਸ੍ਰ. ਨਰੈਣ ਸਿੰਘ ਬੜੀ ਸ਼ਰਧਾ ਅਤੇ ਪਿਆਰ ਨਾਲ ਸਰਵਣ ਕਰ ਰਿਹਾ ਸੀ। ਉਸਦਾ ਦਿਲ ਗਵਾਹੀ ਭਰ ਰਿਹਾ ਸੀ ਕਿ ਬਾਬਾ ਜੀ ਅਭੇਦ ਪੁਰਖ ਹਨ।

"ਇਸ ਅਗਿਆਨਤਾ ਦੀ ਨੀਂਦ ਵਿੱਚ ਸੁੱਤੇ ਜੀਵ ਨੂੰ ਗੁਰਬਾਣੀ ਜਗਾਉਂਦੀ ਹੈ। ਨਿੱਜ ਸਰੂਪ ਨੂੰ ਭੁੱਲ ਕੇ ਜੀਵ ਦੁਖੀ ਹੁੰਦਾ ਹੈ। ਗੁਰ ਉਪਦੇਸ਼ ਸੁਣੀਏ, ਜਾਗੀਏ। ਸਾਧ ਸੰਗਤ ਪ੍ਰਾਪਤ ਹੋ ਜਾਣੀ ਵੱਡੇ ਭਾਗਾਂ ਦੀ ਨਿਸ਼ਾਨੀ ਹੈ। ਮੀਂਹ ਪੈਣ ਤੋਂ ਪਹਿਲਾਂ ਜਿਵੇਂ ਠੰਢੀ ਹਵਾ ਚੱਲਣ ਲੱਗ ਪੈਂਦੀ ਹੈ। ਇਸੇ ਤਰ੍ਹਾਂ ਜਦ ਰੂਹਾਨੀਅਤ ਦੀ ਕਿਰਪਾ ਰੂਪੀ ਸੁਲੱਖਣੀ ਘੜੀ ਆਉਂਦੀ ਹੈ ਤਾਂ ਹਰਿ ਜਸ ਕਰਨ ਦਾ ਚਾਉ ਉਪਜਦਾ ਹੈ। ਸਤਿਪੁਰਖਾਂ ਦੀ ਸੰਗਤ ਕਰਨ ਦੀ ਖਿੱਚ ਬਣੀ ਰਹਿੰਦੀ ਹੈ। ਅੱਗੇ ਹੋਰ ਕਿਰਪਾ ਹੁੰਦੀ ਹੈ ਪ੍ਰਭੂ-ਪਰਮੇਸ਼ਰ ਅੰਗ-ਸੰਗ ਪ੍ਰਤੀਤ ਹੁੰਦਾ ਹੈ। ਨੇਤਰ ਜਾਗਦੇ ਹਨ, ਗੁਰੂ ਸਰੂਪ ਦਾ ਦਰਸ਼ਨ ਕਰਦੇ ਹਨ, ਗੁਰਬਾਣੀ ਪਾਠ ਦਰਸ਼ਨ ਕਰਦੇ ਹਨ। ਰਸਨਾ ਨਾਮ ਰਸ ਵਿੱਚ ਜਾਗ ਉੱਠਦੀ ਹੈ। ਇਵੇਂ ਹੀ ਕੰਨ ਗੁਰਬਾਣੀ ਅਤੇ ਹਰਿਜਸ ਸੁਣਨ, ਹੱਥੀ ਸੇਵਾ ਅਤੇ ਪੈਰ ਗੁਰੂ-ਘਰ ਜਾਣ ਰੂਪੀ ਜਾਗ ਵਿੱਚ ਸਾਵਧਾਨ ਹੋ ਜਾਂਦੇ ਹਨ।

ਬਾਬਾ ਜੀ ਨੇ ਸੰਗਤ ਨੂੰ ਗੁਰਮਤਿ ਅਪਨਾਉਣ ਦੀ ਜਾਗ ਲਾਈ। ਆਪ ਜੀ ਦੋ ਮਹੀਨੇ ਸ਼ਿਮਲੇ ਰਹੇ। ਸ੍ਰ. ਨਰੈਣ ਸਿੰਘ ਹਾਜ਼ਰੀ ਭਰਦੇ ਰਹੇ ਅਤੇ ਲਾਹੇ ਪ੍ਰਾਪਤ ਕਰਦੇ ਰਹੇ।

---

*ਪੰਨਾ 18 ਦਾ ਬਾਕੀ ਹਿੱਸਾ—*

ਬਾਣੀ ਪੜ੍ਹਦਾ ਹੈ ਕਿ ਇੰਨੇ ਪਾਠ ਮੈਂ ਰੋਜ਼ਾਨਾ ਕਰਨੇ ਹਨ ਤਾਂ ਇਹ ਵੀ ਪ੍ਰਵਾਨ ਹੈ। ਹਾਂ, ਜਿਸ ਦਾ ਸਵਾਸ-ਸਵਾਸ ਸਿਮਰਨ ਚੱਲ ਪਿਆ ਹੈ, ਉਹ ਸਤਿਗੁਰੂ ਜੀ ਦੀ ਬਖਸ਼ਿਸ਼ ਨਾਲ ਆਪੇ ਹੀ ਇਨ੍ਹਾਂ ਗਿਣਤੀਆਂ ਤੋਂ ਉੱਪਰ ਉੱਠ ਜਾਂਦਾ ਹੈ। ਇਸ ਕਰਕੇ ਤੁਸੀਂ ਜਦ ਵੀ ਕੀਰਤਨ-ਕਥਾ ਸੁਣਨ ਜਾਓ, ਬੌਧਿਕ ਬਿਰਤੀ ਲੈ ਕੇ ਜਾਓ। ਜੋ ਗੱਲ ਚੰਗੀ ਲੱਗੇ, ਘਰ ਲੈ ਆਇਆ ਕਰੋ। ਜੋ ਗੱਲ ਗੁਰੂ ਤੋਂ ਤੋੜੇ, ਉਸ ਨੂੰ ਉੱਥੇ ਹੀ ਛੱਡ ਆਇਆ ਕਰੋ। ਸਿੱਖ ਦਾ ਕੰਮ ਹੈ : ਗੁਣਾਂ ਨੂੰ ਇਕੱਤਰ ਕਰਨਾ ਅਤੇ ਔਗੁਣਾਂ ਦਾ ਤਿਆਗ ਕਰਨਾ। ਗੁਰੂ ਸਾਹਿਬ ਜੀ ਵੀ ਗੁਰਬਾਣੀ ਵਿੱਚ ਸੇਧ ਦਿੰਦੇ ਹਨ :

***ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ ॥***
***ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥***

*(ਅੰਗ ੭੬੫)*

***

# ਅਧਿਆਤਮਿਕ ਵਿਚਾਰਾਂ

ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀਆਂ ਕੀਰਤਨ ਵਿਚਾਰਾਂ ਵਿੱਚੋਂ ਬਚਨ

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

*—ਸੰਪਾਦਕ*

**531**

ਧੰਨ ਧੰਨ ਬਾਬਾ ਦੀਪ ਸਿੰਘ ਜੀ ਦੀ ਦਿਆਲਤਾ ਇੰਨੀ ਵੱਡੀ ਹੈ ਕਿ ਕਰਮ ਤੇ ਲੇਖ ਵੀ ਹੱਥ ਜੋੜ ਕੇ ਖਲੋ੍ਹ ਜਾਂਦੇ ਹਨ, ਜਿਸ ਤੇ ਬਾਬਾ ਜੀ ਦਿਆਲ ਹੋ ਜਾਣ।

**532**

ਸਿੱਖ ਹਉਮੈ ਨੂੰ ਪੈਰ੍ਹਾਂ ਦਾ ਜੋੜਾ ਬਣਾ ਕੇ ਰੱਖੇ ਤੇ ਨਿਮਰਤਾ ਨੂੰ ਸਿਰ ਦੀ ਦਸਤਾਰ ਸਮਝੇ।

*-ਗਿਆਨੀ ਸੰਤ ਸਿੰਘ ਜੀ ਮਸਕੀਨ*

**533**

ਨੀਅਤ ਸਾਫ ਹੋਵੇ, ਸੋਚ ਪਰਉਪਕਾਰ ਕਰਨ ਲਈ ਉੱਚੀ ਹੋਵੇ, ਵਾਹਿਗੁਰੂ ਆਪੇ ਬਾਦਸ਼ਾਹ ਬਣਾ ਦਿੰਦਾ ਹੈ।

## ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ

### ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੁਆਰਾ ਦਿੱਤੇ ਗਏ ਪ੍ਰੋਗਰਾਮ ਦਾ ਉਤਾਰਾ (VCD 9)

# ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਿਹੜੀ ਵਿਦਿਆ ਪ੍ਰਾਪਤ ਕੀਤੀ?

—ਜਸਵਿੰਦਰ ਸਿੰਘ
(ਪਟਿਆਲਾ)

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥
ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ ॥
ਗੁਰ ਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ ॥
ਮਨਿ ਸਾਂਤਿ ਆਈ ਵਜੀ ਵਧਾਈ ਤਾ ਹੋਆ ਪਰਵਾਣੁ ॥
ਇਉ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣੁ ॥੫॥*
*(ਅੰਗ ੪੪੧)*

*ਮਨ ਪਿਆਰਿਆ ਜੀਉ ਮਿਤ੍ਰਾ ਗੋਬਿੰਦ ਨਾਮੁ ਸਮਾਲੇ ॥
ਮਨ ਪਿਆਰਿਆ ਜੀ ਮਿਤ੍ਰਾ ਹਰਿ ਨਿਬਹੈ ਤੇਰੈ ਨਾਲੇ ॥*
*(ਅੰਗ ੭੯)*

ਜੇਕਰ ਦੁਨਿਆਵੀਂ ਕੰਮ ਵੀ ਕਰ ਰਹੇ ਹੋ ਆਪਣੇ ਮਨ ਨੂੰ ਸੁਚੇਤ ਕਰ ਲਓ, ਮੰਨ ਲਓ ਪੰਦਰਾਂ ਮਿੰਟ ਲੱਗਣੇ ਹਨ, ਪਰਸ਼ਾਦੇ ਪਕਾਉਂਦਿਆਂ ਨੂੰ, ਉਸ ਵੇਲੇ ਮਨ ਨੂੰ ਸੁਚੇਤ ਕਰ ਲਿਆ ਕਰੋ, ਪੰਦਰਾਂ ਮਿੰਟ ਮੈਂ ਵਾਹਿਗੁਰੂ ਸ਼ਬਦ ਨੂੰ ਸੰਭਾਲਣਾ ਹੈ, ਅੱਧਾ ਘੰਟਾ ਲੱਗਣਾ ਹੈ, ਸਫਾਈਆਂ ਕਰਨ ਤੇ, ਮਨ ਨੂੰ ਸੁਚੇਤ ਕਰ ਲਓ, ਨਾਲ ਵਾਹਿਗੁਰੂ ਸਿਮਰਨ ਚਲਾ ਕੇ, ਇਸ ਅੱਧੇ ਘੰਟੇ ਨੂੰ ਵੀ ਸੰਭਾਲਣਾ ਹੈ।

ਕਾਰ ਹੈ ਪੰਜ ਲੱਖ ਵਾਲੀ, ਸਾਲ ਦੋ ਸਾਲ ਦਿਮਾਗ ਦੀ ਦੌੜ ਲੱਗ ਗਈ, ਪੰਦਰਾਂ ਵੀਹ ਲੱਖ ਵਾਲੀ ਲੈ ਲਓ, ਓ ਮਨਾ, ਤੇਰਾ ਮੂਲ ਇੱਥੇ ਇਹ ਨਹੀਂ ਹੈ। ਤੇਰਾ ਮੂਲ ਕੀ ਹੈ? ਤੂੰ ਨਾਮ ਜਪਣ ਲਈ ਆਇਆ ਹੈ। ਇਸ ਨੇ ਇਹ ਕਿਉਂ ਕਹਿ ਦਿੱਤਾ, ਇਸ ਨੂੰ ਮਜ਼ਾ ਚਖਾਉਣਾ ਹੈ, ਓ ਮਨਾ, ਤੇਰਾ ਮੂਲ ਇਹ ਨਹੀਂ ਹੈ, ਤੇਰਾ ਮੂਲ ਹੈ, ਨਾਮ ਜਪਣਾ। ਔਰ ਸੌਖਾ ਕਰਕੇ ਸਮਝ ਲੈਣਾ, ਕੋਈ ਅੰਦਰ ਦੁਬਿਧਾ ਤੰਗ ਕਰੇ, ਕੋਈ ਵੈਰ ਤੰਗ ਕਰੇ, ਕੋਈ ਲਾਲਚ ਤੰਗ ਕਰੇ, ਇਹ ਰਿਸ਼ਤੇਦਾਰ ਕਰੋੜਾਂ ਵਿੱਚ ਖੇਡ ਰਿਹਾ ਹੈ, ਮੈਂ ਕਿੱਥੇ ਰਹਿ ਗਿਆ ਹਾਂ, ਕਦੀ ਮਨ ਨਾ ਢਾਹੋ, ਸਾਡਾ ਮੂਲ ਮਾਇਆ ਵੱਲੋਂ ਅੱਗੇ ਨਿਕਲਣਾ ਨਹੀਂ, ਸਾਡਾ ਮੂਲ ਹੈ, ਗੋਬਿੰਦ ਪ੍ਰੇਮ ਕਰਨਾ। ਸਤਿਗੁਰਾਂ ਨੇ ਬਾਣੀ ਵਿੱਚ ਬਹੁਤ ਪਿਆਰ ਨਾਲ ਆਖਿਆ ਹੈ:

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥***
*(ਅੰਗ ੪੪੧)*

ਜੋਤ ਕੌਣ ਹੈ? ਜਿਹੜੀ ਸਾਰੀ ਦੁਨੀਆਂ ਨੂੰ

ਚਲਾ ਰਹੀ ਹੈ। ਤੂੰ ਉਸ ਵਿੱਚੋਂ ਆਇਆ ਹੈਂ ਤੇ ਆਪਣੇ ਮੂਲ ਨੂੰ ਪਛਾਣ। ਪਾਣੀ ਵੇਖ। ਜਿੱਥੇ ਮਰਜ਼ੀ ਪਾ ਦੇਈਏ, ਨੀਵੇਂ ਨੂੰ ਜਾਂਦਾ ਹੈ। ਮੋਮਬੱਤੀ ਵੇਖ, ਉਹ ਉਤਾਂਹ ਨੂੰ ਜਾਂਦੀ ਹੈ ਲਾਈਟ, ਉਹ ਹੇਠਾਂ ਕਿਉਂ ਨਹੀਂ ਜਾਂਦੀ? ਮੋਮਬੱਤੀ ਦੀ ਲਾਈਟ ਉਤਾਂਹ ਨੂੰ ਜਾਂਦੀ ਹੈ, ਪਾਣੀ ਡੋਲਦੇ ਹੋ, ਹੇਠਾਂ ਨੂੰ ਜਾਂਦਾ ਹੈ। ਸਾਡੇ ਨਾਲੋਂ ਇਹ ਚੰਗੇ ਹਨ, ਇਨ੍ਹਾਂ ਨੇ ਆਪਣਾ ਮੂਲ ਪਛਾਣਿਆ ਹੈ। ਪਾਣੀ ਕਹਿੰਦਾ ਹੈ, ਮੇਰਾ ਮੂਲ ਹੈ, ਸਮੁੰਦਰ। ਮੋਮਬੱਤੀ ਦੀ ਲਾਈਟ ਕਹਿੰਦੀ ਹੈ, ਮੇਰਾ ਮੂਲ ਹੈ, ਸੂਰਜ। ਮੈਂ ਉਸ ਵੱਲ ਜਾਣਾ ਹੈ। ਪਾਣੀ ਕਹਿੰਦਾ ਹੈ, ਮੈਂ ਸਮੁੰਦਰ ਵੱਲ ਜਾਣਾ ਹੈ। ਸਿੱਖਾ, ਤੇਰਾ ਮੂਲ ਗੋਬਿੰਦ ਪ੍ਰੇਮ ਹੈ। ਰੱਜ-ਰੱਜ ਕੇ ਪੜ੍ਹਾਈਆਂ ਬੱਚਿਆਂ ਨੂੰ ਤਕੜੀਆਂ ਕਰਵਾ ਪਰ ਇਹ ਵੇਖ ਲਈਂ, ਨਾਲ-ਨਾਲ ਗੋਬਿੰਦ ਪ੍ਰੇਮ ਦੀ ਵੀ ਪੜ੍ਹਾਈ ਹੋਈ ਜਾਵੇ, ਨਹੀਂ ਤਾਂ ਕਿਤੇ ਉਸ ਵਿੱਚ ਨਾ ਆ ਜਾਈਏ :

***ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥***

*(ਅੰਗ ੧੪੦)*

ਕੀ ਕਰਾਂਗੇ, ਬੱਚੇ ਬਾਹਰ ਭੇਜ ਕੇ। ਕੀ ਕਰਾਂਗੇ, ਬੱਚਿਆਂ ਨੂੰ ਬਹੁਤ ਵੱਡੀਆਂ ਡਿਗਰੀਆਂ ਦੇ ਕੇ, ਜੇ ਉਨ੍ਹਾਂ ਬੱਚਿਆਂ ਦੇ ਜੀਵਨ ਵਿੱਚੋਂ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਦਸਤਾਰ ਹੀ ਚਲੀ ਗਈ। ਜੇ ਉਨ੍ਹਾਂ ਦੇ ਜੀਵਨ ਵਿੱਚੋਂ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਬਖਸ਼ਿਆ ਦਾਹੜਾ ਹੀ ਚਲਾ ਗਿਆ। ਜੇ ਉਨ੍ਹਾਂ ਦੇ ਜੀਵਨ ਵਿੱਚ ਪੰਜਾਂ ਬਾਣੀਆਂ ਦਾ ਨੇਮ ਹੀ ਨਾ ਆਇਆ, ਉਹ ਪੜ੍ਹਾਈਆਂ ਕੀ ਕਰਨਗੀਆਂ। ਆਪਣਾ ਮੂਲ ਪਛਾਣ।

ਸਾਰੀ ਸੰਗਤ ਸਤਿਗੁਰੂ ਜੀ ਦੇ ਚਰਨਾਂ ਦਾ ਧਿਆਨ ਧਰ ਕੇ, ਭਿੱਜ ਕੇ ਆਖੋ ਸਤਿਨਾਮੁ ਸ੍ਰੀ ਵਾਹਿਗੁਰੂ।

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ ।***
***ਗੁਰਮੁਖਿ ਸੁਖ ਫਲੁ ਪਾਇ ਆਪੁ ਗਵਾਇਆ ।***
***ਗੁਰਮੁਖਿ ਸਾਖੀ ਸਬਦਿ ਸਿਖਿ ਸੁਣਾਇਆ ।***
***ਗੁਰਮੁਖਿ ਸਬਦ ਵੀਚਾਰਿ ਸਚੁ ਕਮਾਇਆ ।***
***ਸਚੁ ਰਿਦੈ ਮੁਹਿ ਸਚੁ ਸਚਿ ਸੁਹਾਇਆ ।***
***ਗੁਰਮੁਖਿ ਜਨਮੁ ਸਵਾਰਿ ਜਗਤੁ ਤਰਾਇਆ ॥੧੨॥***

*(ਵਾਰ ੧੯, ਪਉੜੀ ੧੨)*

ਨਵਾਂ ਪ੍ਰਕਰਨ ਗੁਰੂ ਸਾਹਿਬ ਨੇ ਕਿਰਪਾ ਕਰਕੇ ਸ਼ੁਰੂ ਕਰਵਾਇਆ ਹੈ :

**ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ :**

ਅੱਜ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਆਰੇ ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜੀਵਨ ਬਾਰੇ ਵੀਚਾਰਾਂ ਤੇ ਗੁਰੂ ਸਾਹਿਬ ਸੇਵਾ ਲੈਣ। ਪਿਆਰ ਵਿੱਚ ਸਾਰੇ ਪੜ੍ਹੋ ਜੀ :

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ ।***

*(ਵਾਰ ੧੯, ਪਉੜੀ ੧੨)*

***ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ ।***

ਬਾਬਾ ਦੀਪ ਸਿੰਘ ਜੀ ਦੇ ਪਿਤਾ ਜੀ ਦਾ ਨਾਂ ਭਾਈ ਭਗਤੂ ਜੀ। ਮਾਤਾ ਜੀ ਦਾ ਨਾਂ ਮਾਤਾ ਜਿਊਣੀ ਜੀ। ਬਾਬਾ ਜੀ ਦਾ ਆਗਮਨ ਸ੍ਰੀ ਪਹੂਵਿੰਡ ਸਾਹਿਬ ਤੇ ਧੰਨ ਬਾਬਾ ਦੀਪ ਸਿੰਘ ਜੀ ਦਾ ਕੋਈ ਤਰਸ, ਉਨ੍ਹਾਂ ਦੇ ਆਗਮਨ ਅਸਥਾਨ ਦੀ ਕਾਰ ਸੇਵਾ, ਉਨ੍ਹਾਂ ਨੇ ਆਪ ਹੀ ਤਰਸ ਕਰਕੇ ਤੁਹਾਡੇ ਟਰੱਸਟ ਬੀਬੀ ਕੌਲਾਂ ਜੀ ਭਲਾਈ ਕੇਂਦਰ ਦੀ ਝੋਲੀ ਵਿੱਚ ਪਾਈ ਹੋਈ ਹੈ। ਬਾਬਾ ਦੀਪ ਸਿੰਘ ਜੀ, ਉਨ੍ਹਾਂ ਦੇ ਪਿਤਾ ਭਾਈ ਭਗਤੂ ਜੀ, ਖੇਤਾਂ ਵਿੱਚ ਬੈਠੇ ਹਨ ਜਿਹੜਾ ਗੰਨਿਆਂ ਦਾ ਵੇਲਣਾ, ਇਤਿਹਾਸਕਾਰਾਂ ਨੇ ਲਿਖਿਆ ਹੈ, ਇਹ ਵੀ ਬਾਬਾ ਜੀ ਦਾ ਆਪਣਾ ਹੈ। ਜ਼ਮੀਨ ਬਹੁਤ ਕਿੱਲੇ ਵਿੱਚ ਸੀ। ਇਹ ਉਹ ਜ਼ਮੀਨ ਹੈ ਜਿਸ ਦੀ ਕਾਰ-ਸੇਵਾ ਤੁਹਾਡੀ ਟਰੱਸਟ ਬੀਬੀ ਕੌਲਾਂ ਜੀ ਭਲਾਈ ਕੇਂਦਰ ਕੋਲ ਹੈ। ਉਹ ਜ਼ਮੀਨ ਜਿੱਥੇ ਬਾਬਾ ਜੀ ਦਾ ਆਗਮਨ ਹੋਇਆ।




**ਗੁਰਦੁਆਰਾ ਜਨਮ ਅਸਥਾਨ ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ, ਸ੍ਰੀ ਪਹੂਵਿੰਡ ਸਾਹਿਬ**

ਪੰਜ ਸਾਲ ਦੀ ਉਮਰ, ਬਾਬਾ ਜੀ ਆਪਣੇ ਪਿਤਾ ਜੀ ਨਾਲ ਖੇਤਾਂ ਵਿੱਚ ਹੱਥ ਵਟਾਉਣ ਲੱਗ ਪਏ। ਕੁਝ ਇਤਿਹਾਸਕਾਰਾਂ ਨੇ ਲਿਖਿਆ, ਦਸ ਗਿਆਰ੍ਹਾਂ ਸਾਲ ਦੀ ਉਮਰ ਵਿੱਚ ਬਾਬਾ ਜੀ ਕਈ ਖੇਡਾਂ ਵਿੱਚ ਨਿਪੁੰਨ ਵੀ ਹੋ ਗਏ। ਹੁਣ ਯਾਦ ਰੱਖਣਾ, 1682। 1682 ਤੋਂ ਸਿੱਧਾ ਆਓ, 1699, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਅੰਮ੍ਰਿਤ ਦੀ ਦਾਤ ਬਖਸ਼ੀ, ਪੰਜ ਸੀਸ ਦੀ ਮੰਗ ਕੀਤੀ, ਉਨ੍ਹਾਂ ਪੰਜਾਂ ਨੂੰ ਮੁੜ ਜਿਵਾਲਿਆ। ਇਹ ਖਬਰ ਜਿਹੜੀ ਹੈ, ਜੰਗਲ ਦੀ ਅੱਗ ਵਾਂਗ ਸਾਰੇ ਪਾਸੇ ਫੈਲ ਗਈ। ਬਾਬਾ ਦੀਪ ਸਿੰਘ ਜੀ ਆਪਣੇ ਮਾਤਾ-ਪਿਤਾ ਜੀ ਨੂੰ ਕਹਿੰਦੇ ਹਨ, ਮੈਂ ਵੀ ਅੰਮ੍ਰਿਤ ਛਕਣਾ ਹੈ, ਮੈਂ ਵੀ ਕਛਹਿਰਾ ਪਾਉਣਾ ਹੈ, ਮੈਂ ਵੀ ਅੰਮ੍ਰਿਤ ਦੀ ਦਾਤ ਲੈਣੀ ਹੈ। ਹੁਣ 1699 ਵਿੱਚੋਂ 1682 ਘਟਾ ਦਿਓ ਤੇ 17 ਸਾਲ ਬਣਦੇ ਹਨ। 17 ਸਾਲ ਦਾ ਬਚਪਨ ਬਾਬਾ ਦੀਪ ਸਿੰਘ ਜੀ ਦਾ, ਬਚਪਨ ਪਹੂਵਿੰਡ ਸਾਹਿਬ ਦੀ ਧਰਤੀ ਤੇ ਬੀਤਿਆ ਹੈ ਜਿੱਥੋਂ ਦੀ ਕਾਰ ਸੇਵਾ ਤੁਹਾਡੀ ਸੰਸਥਾ ਪਾਸੋਂ ਗੁਰੂ ਸਾਹਿਬ ਸੇਵਾ ਲੈ ਰਹੇ ਹਨ। ਆਪ ਜੀ ਦੇ ਦਸਵੰਧ ਦੀ ਹਾਜ਼ਰੀ ਧੰਨ ਬਾਬਾ ਦੀਪ ਸਿੰਘ ਜੀ ਦੇ ਅਸਥਾਨ ਤੇ ਸੇਵਾ ਲੱਗ ਰਹੀ ਹੈ। ਇੱਕ ਬ੍ਰਹਮ ਗਿਆਨੀ ਦਾ ਅਸਥਾਨ। ਬਾਬਾ ਜੀ ਦੁਬਾਰਾ ਵੀ ਪਹੂਵਿੰਡ ਸਾਹਿਬ ਆਏ ਹਨ, ਉਹ ਟਾਈਮ ਵੱਖਰਾ ਹੈ। ਅੰਮ੍ਰਿਤ ਛਕਣ ਤੋਂ ਕੁਝ ਮਹੀਨੇ ਬਾਅਦ। ਕਈਆਂ ਨੇ ਸਾਢੇ ਸਤ੍ਹਾਰਾਂ ਜਾਂ ਅਠ੍ਹਾਰਾਂ ਸਾਲ ਲਿਖਿਆ ਹੈ, ਜਦੋਂ ਬਾਬਾ ਜੀ ਸ੍ਰੀ ਅਨੰਦਪੁਰ ਸਾਹਿਬ ਗਏ ਹਨ। ਅਠ੍ਹਾਰਾਂ ਸਾਲ ਦੇ ਕਰੀਬ, ਬਾਬਾ ਜੀ ਦੀ ਉਮਰ। ਪਿਤਾ ਜੀ ਵੀ ਨਾਲ, ਮਾਤਾ ਜੀ ਵੀ ਨਾਲ, ਪੂਰਾ ਪਰਿਵਾਰ ਸ੍ਰੀ ਅਨੰਦਪੁਰ ਸਾਹਿਬ ਪਹੁੰਚਿਆ ਹੈ। ਤੇ ਪਹੁੰਚ ਕੇ ਬਾਜਾਂ ਵਾਲੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਰਸ਼ਨ ਕੀਤੇ ਹਨ। ਇਹ ਬਾਬਾ ਦੀਪ ਸਿੰਘ ਜੀ ਪਰਿਵਾਰ ਸਮੇਤ ਜਿਹੜਾ ਪਹੁੰਚੇ ਹਨ, ਇਹ ਲਿਖਿਆ ਹੈ, ਇਤਿਹਾਸਕਾਰਾਂ ਨੇ ਕਿ ਹੌਲੇ ਮਹੱਲੇ ਦੇ ਨੇੜੇ ਦੇ ਦਿਹਾੜੇ ਸਨ ਤੇ ਬਾਬਾ ਜੀ ਅੰਦਰ ਸਿੱਕ ਪੈਦਾ ਹੋ ਰਹੀ ਸੀ। ਮੈਂ ਜਾਵਾਂ। ਮੈਂ ਦਰਸ਼ਨ ਕਰਾਂ। ਥੋੜ੍ਹਾ ਸੀਨ ਸਾਹਮਣੇ ਲਿਆਓ। ਬਾਬਾ ਜੀ ਪਰਿਵਾਰ ਸਮੇਤ ਜਦੋਂ ਪਹੁੰਚੇ ਤੇ ਬਾਬਾ ਜੀ ਦੇ ਪਿਤਾ ਜੀ ਨੇ ਜਿੰਨਾ ਦਸਵੰਧ ਸੀ, ਆਪਣੇ ਘਰ ਰੱਖੀ ਜਾਂਦੇ ਸੀ, ਉਹ ਸਾਰਾ ਦਸਵੰਧ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਾਂ ਵਿੱਚ ਭੇਟਾ ਕੀਤਾ, ਹਾਜ਼ਰੀ ਲਗਵਾਈ। ਬਾਬਾ ਦੀਪ ਸਿੰਘ ਜੀ ਨੇ ਇੱਕ ਦੋ

ਦਿਨ ਬਾਅਦ ਅੰਮ੍ਰਿਤ ਦੀ ਦਾਤ ਲਈ, ਦੀਪ (ਬਚਪਨ ਦਾ ਨਾਮ) ਤੋਂ ਬਾਬਾ ਦੀਪ ਸਿੰਘ ਜੀ ਸਿੰਘ ਸਜੇ। ਭਾਈ ਭਗਤੂ ਜੀ, ਭਾਈ ਭਗਤ ਸਿੰਘ ਜੀ ਸਜੇ। ਮਾਤਾ ਜਿਊਣੀ ਜੀ, ਮਾਤਾ ਜਿਊਣੀ ਕੌਰ ਜੀ ਸਜੇ। ਸੱਤ ਅੱਠ ਦਿਨ ਬੀਤ ਗਏ। ਹੁਣ ਬਾਬਾ ਜੀ ਦੇ ਮਾਤਾ ਜੀ ਕਹਿ ਰਹੇ ਹਨ, ਦੀਪ ਸਿੰਘ ਜੀ, ਘਰ ਚਲੀਏ। ਬਾਬਾ ਜੀ ਕਹਿਣ ਲੱਗੇ, ਮੇਰਾ ਦਿਲ ਨਹੀਂ ਕਰਦਾ। ਰੋਜ਼ ਦੇਖਦੇ ਸੀ, ਉੱਥੋਂ ਦੇ ਨਜ਼ਾਰੇ ਸ੍ਰੀ ਅਨੰਦਪੁਰ ਸਾਹਿਬ। ਕੁਝ ਇਤਿਹਾਸਕਾਰਾਂ ਨੇ ਲਿਖਿਆ ਹੈ। ਸਾਡੇ ਬਾਜਾਂ ਵਾਲੇ ਪਿਤਾ ਜੀ ਦੀ ਵੀ ਆਪਣੀ ਜਿਹੜੀ ਫੌਜ ਸੀ, ਉਸ ਦੀਆਂ ਵੀ ਅਲੱਗ-ਅਲੱਗ ਟੁਕੜੀਆਂ ਸਨ। ਫੌਜ ਦੀਆਂ ਅਲੱਗ-ਅਲੱਗ ਟੁਕੜੀਆਂ ਬਣਾਈਆਂ ਸਨ। ਜਥੇਦਾਰ ਬਣਾਏ ਸਨ। ਕਈ ਇਤਿਹਾਸਕਾਰਾਂ ਨੇ ਲਿਖਿਆ ਹੈ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਇੱਕ ਫੌਜ ਦੀ ਟੁਕੜੀ ਸੀ, ਜਿਸ ਦਾ ਨਾਂ ਸੀ, ਸੰਤ ਸਿਪਾਹੀ। ਮਹਾਰਾਜ ਜੀ ਨੇ ਇਸ ਟੁਕੜੀ ਦਾ ਨਾਂ ਸੰਤ ਸਿਪਾਹੀ ਕਿਉਂ ਰੱਖਿਆ ਹੈ? ਇਸ ਟੁਕੜੀ ਵਿੱਚ ਜਿੰਨੇ ਖਾਲਸੇ ਹਨ, ਸਾਰਿਆਂ ਦਾ ਇੱਕ ਵਜੇ ਉੱਠਣ ਦਾ ਨਿਤਨੇਮ ਹੈ।

***ਸਭਨਾ ਉਪਰਿ ਨਦਰਿ ਪ੍ਰਭ ਤੇਰੀ ॥***
***ਕਿਸੈ ਥੋੜੀ ਕਿਸੈ ਹੈ ਘਣੇਰੀ ॥***

*(ਅੰਗ ੧੧੯)*

ਤਿੰਨ ਤਰ੍ਹਾਂ ਦੀਆਂ ਟੁਕੜੀਆਂ ਸਨ। ਇੱਕ ਹਨ, ਸ਼ਸ਼ਤਰਾਂ ਵਿੱਚ ਨਿਪੁੰਨ ਹਨ, ਸਿਮਰਨ ਬੰਦਗੀ ਵੀ ਹੈ। ਕੁਝ ਹੋ ਸਕਦਾ ਹੈ, ਸਿਮਰਨ ਬੰਦਗੀ ਵਿੱਚ ਘੱਟ ਪਰ ਸ਼ਸ਼ਤਰਾਂ ਵਿੱਚ ਨਿਪੁੰਨ ਹਨ। ਇਸ ਤਰ੍ਹਾਂ ਦੀਆਂ ਪਿਤਾ ਜੀ ਦੇ ਕੁਝ ਅਸੂਲ ਸਨ ਤੇ ਉਸ ਹਿਸਾਬ ਨਾਲ ਫੌਜ ਦੀਆਂ ਟੁਕੜੀਆਂ ਬਣਾਈਆਂ ਸਨ। ਉਸ ਟੁਕੜੀ ਦੇ ਚੋਜ ਵੇਖੇ ਤੇ ਬਾਬਾ ਜੀ ਦਾ ਦਿਲ ਹੀ ਨਾ ਕਰੇ, ਜਾਣ ਨੂੰ। ਮੈਂ ਵੀ ਇੱਥੇ ਰਹਾਂ। ਪਿਆਰ ਭਰੀ ਵੀਚਾਰ ਹੋ ਰਹੀ ਹੈ, ਗੱਲਬਾਤ ਹੋ ਰਹੀ ਹੈ। ਮਾਤਾ ਜੀ ਕਹਿਣ ਲੱਗੇ, ਲੈ, ਅੰਮ੍ਰਿਤ ਛਕ ਕੇ ਘਰ ਥੋੜ੍ਹਾ ਛੱਡ ਦੇਈਦਾ ਹੈ। ਅੱਗੋਂ ਬਾਬਾ ਜੀ ਕਹਿੰਦੇ, ਮੇਰਾ ਦਿਲ ਨਹੀਂ ਕਰਦਾ ਘਰ ਜਾਣ ਨੂੰ, ਮੈਂ ਹੀ ਇੱਥੇ ਰਹਿਣਾ ਹੈ। ਅੱਗੋਂ ਮਾਤਾ ਜੀ ਕਹਿੰਦੇ ਹਨ, ਅੰਮ੍ਰਿਤ ਛਕਣ ਦਾ ਇਹ ਮਤਲਬ ਹੈ, ਕੀ ਆਪਾਂ ਘਰ-ਬਾਰ ਛੱਡ ਦੇਈਏ? ਤੁਸੀਂ ਕਹਿੰਦੇ ਹੋ ਕਿ ਮੈਂ ਜਾਣਾ ਹੀ ਨਹੀਂ। ਇਹ ਆਪਸ ਵਿੱਚ ਪਿਆਰ ਭਰੀ ਗੱਲਬਾਤ ਹੋ ਰਹੀ ਤੇ ਇਧਰੋਂ ਘੋੜੇ ਤੇ ਬਾਜਾਂ ਵਾਲੇ ਆ ਗਏ ਤੇ ਮਹਾਰਾਜ ਜੀ ਕਹਿੰਦੇ ਹਨ, ਮਾਂ ਪੁੱਤਰ ਦੀ ਉੱਚੀ-ਉੱਚੀ ਕੀ ਗੱਲ ਹੋ ਰਹੀ ਹੈ। ਬਾਬਾ ਦੀਪ ਸਿੰਘ ਜੀ ਦੇ ਮਾਤਾ ਜੀ ਕਹਿਣ ਲੱਗੇ, ਮਹਾਰਾਜ ਜੀ, ਚੰਗਾ ਹੋ ਗਿਆ ਆਪ ਜੀ ਆ ਗਏ। ਆਹ ਵੇਖੋ, ਦੀਪ ਸਿੰਘ ਕਹਿੰਦਾ ਹੈ, ਘਰ ਨਹੀਂ ਜਾਣਾ। ਅੰਮ੍ਰਿਤ ਛਕ ਕੇ ਕੋਈ ਘਰ ਥੋੜ੍ਹਾ ਛੱਡ ਦੇਈਦਾ ਹੈ। ਤੁਸੀਂ ਸਮਝਾਓ। ਹੁਣ ਪਤਾ ਨਹੀਂ, ਤੀਸਰੀ ਅੱਖ ਨਾਲ ਵੇਖਿਆ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕੀ ਵੇਖਿਆ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਘੋੜੇ ਤੇ ਚੜ੍ਹੇ ਪਿਤਾ ਜੀ ਨੂੰ, ਮਾਤਾ ਜੀ ਨੂੰ ਕਹਿੰਦੇ, ਮਾਤਾ ਜੀ ਨਹੀਂ ਜਾਂਦਾ ਤੇ ਰਹਿਣ ਦਿਓ। ਇਸ ਦਾ ਨਾਂ ਦੀਪ ਸਿੰਘ ਹੈ। ਇਸ ਦੀਪ ਨੇ ਸਮਾਂ ਆਉਣ ਤੇ ਹਜ਼ਾਰਾਂ ਬੁਝੇ ਹੋਏ ਦੀਪ ਜਗਾਉਣੇ ਹਨ। ਇੱਕ ਵਾਰ ਪਿਆਰ ਨਾਲ ਆਖੋ ਜੀ :

***ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ।***

ਹੁਣ ਬਾਜਾਂ ਵਾਲੇ ਦੀ ਪਾਠਸ਼ਾਲਾ ਵੇਖੋ। ਸ੍ਰੀ ਅਨੰਦਪੁਰ ਸਾਹਿਬ ਜਾਇਆ ਕਰੋ ਤੇ ਡਿੱਗ-ਡਿੱਗ ਕੇ ਮੱਥਾ ਟੇਕਿਆ ਕਰੋ। ਉੱਥੇ ਸਾਡੇ ਬਾਜਾਂ ਵਾਲੇ ਨੇ ਇੰਨਾ ਕੁਝ ਵੰਡਿਆ ਹੋਇਆ ਹੈ, ਇੰਨੀਆਂ ਖੁਸ਼ੀਆਂ ਵੰਡੀਆਂ ਹੋਈਆਂ ਹਨ। ਕੋਈ ਛੋਟੀ ਜਗ੍ਹਾ ਨਹੀਂ। ਇਹ ਕੋਈ ਛੋਟੀ ਜਿਹੀ ਗੱਲ ਹੈ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸ੍ਰੀ ਅਨੰਦਪੁਰ ਸਾਹਿਬ ਵਿੱਚ ਬਾਬਾ ਦੀਪ ਸਿੰਘ ਜੀ ਨੂੰ ਅਰਬੀ

ਸਿਖਾਈ, ਫਾਰਸੀ ਸਿਖਾਈ, ਗੁਰਮੁਖੀ ਸਿਖਾਈ, ਸੰਸਕ੍ਰਿਤ ਸਿਖਾਈ। ਹੋਰ ਵੀ ਬੋਲੀਆਂ ਸਿਖਾਈਆਂ। ਤੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਾਂ ਵਿੱਚੋਂ ਬਾਬਾ ਦੀਪ ਸਿੰਘ ਜੀ ਨੇ ਸ਼ਸ਼ਤਰ ਵਿਦਿਆ ਵੀ ਸਿੱਖੀ। ਦਾਸ ਕੁਝ ਚੀਜ਼ਾਂ ਦੇ ਨਾਂ ਲੈਂਦਾ ਹੈ, ਤੁਸੀਂ ਬਾਜਾਂ ਵਾਲੇ ਦੀਆਂ ਧੀਆਂ-ਪੁੱਤਰ ਹੋ, ਅਨੰਦ ਆਉਂਦਾ ਹੈ, ਬਾਜਾਂ ਵਾਲੇ ਦੀ ਗੱਲ ਸੁਣ ਕੇ। ਬਾਬਾ ਦੀਪ ਸਿੰਘ ਜੀ ਨੂੰ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ਼ਸ਼ਤਰਾਂ ਵਿੱਚੋਂ ਨੇਜ਼ੇਬਾਜੀ ਵੀ ਸਿਖਾਈ, ਸ਼ਸ਼ਤਰਾਂ ਵਿੱਚੋਂ ਬੰਦੂਕ ਚਲਾਉਣੀ ਵੀ ਸਿਖਾਈ। ਸ਼ਸ਼ਤਰਾਂ ਵਿੱਚੋਂ ਕਿਰਪਾਨ ਚਲਾਉਣੀ ਵੀ ਸਿਖਾਈ ਤੇ ਸ਼ਸ਼ਤਰਾਂ ਵਿੱਚੋਂ ਤੀਰ ਚਲਾਉਣੇ ਵੀ ਸਿਖਾਏ। ਬਾਬਾ ਜੀ ਨੂੰ ਨਿਪੁੰਨ ਕੀਤਾ। ਪੰਜ ਸਾਲ ਰਹੇ ਬਾਬਾ ਜੀ ਉੱਥੇ।

ਜਦੋਂ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਪਿਤਾ ਜੀ ਅਤੇ ਮਾਤਾ ਜੀ ਨੂੰ ਕਿਹਾ ਕਿ ਇਸ ਦਾ ਨਾਂ ਦੀਪ ਸਿੰਘ ਹੈ ਤੇ ਇਸ ਨੇ ਕਈ ਬੁਝੇ ਦੀਪ ਜਗਾਉਣੇ ਹਨ, ਉਸ ਤੋਂ ਬਾਅਦ ਪੰਜ ਸਾਲ ਪਿਤਾ ਜੀ ਦੇ ਚਰਨਾਂ ਵਿੱਚ ਰਹੇ। ਦਾਸ ਕਈ ਵਾਰ ਆਪ ਜੀ ਨੂੰ ਬੇਨਤੀ ਕਰਦਾ ਹੈ, ਪੰਜਾਬ ਵਾਲਿਓ, ਸਾਡੇ ਤੋਂ ਇੰਗਲੈਂਡ ਵਾਲੇ ਅੱਗੇ ਨਿਕਲ ਗਏ ਹਨ। ਐਤਕੀਂ ਤੁਸੀਂ ਚਾਰ ਦਿਨ ਇੰਗਲੈਂਡ ਭੇਜਿਆ। ਇਸ ਤਰ੍ਹਾਂ ਹੀ ਜਿਵੇਂ ਕੀਰਤਨ ਦਰਬਾਰ ਹੋ ਰਿਹਾ ਹੈ ਤੇ ਉਸ ਦੇ ਬਾਹਰ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਰਦ ਰੱਖਣ ਵਾਲੇ ਸਪੁੱਤਰਾਂ ਨੇ ਇਹੋ ਜਿਹੇ ਟੈਂਟ ਲਗਾ ਕੇ ਇਹੋ ਜਿਹੇ ਕੈਂਪ ਲਗਾਏ ਸਨ ਕਿ ਕਿਸੇ ਨੂੰ ਸੀਸ ਤੇ ਦੁਮਾਲਾ ਬੰਨਣਾ ਸਿਖਾਇਆ ਜਾ ਰਿਹਾ ਹੈ। ਕੋਈ ਸੱਠ ਸੱਤਰ ਸਰੀਰ ਦਸਤਾਰ ਸਜਾਉਣੀ ਸਿੱਖ ਰਹੇ ਸਨ। ਦੁਮਾਲਾ ਬੰਨਣਾ ਸਿੱਖ ਰਹੇ ਹਨ। ਹੋਰ ਸਾਡੇ ਵਿਰਸੇ। ਦਾਸ ਨੇ ਪਹਿਲੀ ਵਾਰ ਵੇਖਿਆ ਹੈ, ਕੈਂਪ ਵਿੱਚੋਂ ਜਿੱਥੋਂ ਅੰਦਰ ਜਾਈਦਾ ਸੀ, ਉਸ ਦੇ ਬਾਹਰ ਸੌ ਫੁੱਟ ਉਰੇ ਤੇ ਉਨ੍ਹਾਂ ਨੇ ਦਾਸ ਨੂੰ ਪਛਾਣ ਲਿਆ। ਉਸ ਵਿੱਚ ਤੀਰ ਚਲਾਉਣਾ ਸਿਖਾਇਆ ਜਾ ਰਿਹਾ ਸੀ। ਪਤਾ ਨਹੀਂ ਇੰਗਲੈਂਡ ਵਾਲਿਆਂ ਨੇ ਕਿੱਥੋਂ ਕਮਾਨਾਂ ਲੱਭੀਆਂ ਹਨ, ਕਿੱਥੋਂ ਤੀਰ। ਇੰਨੇ ਇੰਨੇ ਸੋਹਣੇ ਤੀਰ ਤੇ ਸੋਹਣੀਆਂ ਸੋਹਣੀਆਂ ਕਮਾਨਾਂ ਤੇ ਦਾਸ ਨੂੰ ਗੁਰਮੁਖਾਂ ਨੇ ਰੋਕ ਲਿਆ। ਦਾਸ ਨੇ ਬੇਨਤੀ ਕੀਤੀ ਕਿ ਸਟੇਜ ਤੇ ਸਿਰਫ ਸੱਤ ਅੱਠ ਮਿੰਟ ਰਹਿ ਗਏ ਹਨ। ਕਹਿਣ ਲੱਗੇ, ਸਾਹਮਣੇ ਹੀ ਸਟੇਜ ਹੈ, ਤੁਸੀਂ ਪਹੁੰਚ ਜਾਣਾ ਹੈ। ਸਾਜ਼ ਚਲੇ ਗਏ ਹਨ ਤੇ ਸਾਡਾ ਦਿਲ ਕਰਦਾ ਹੈ ਕਿ ਫੜੋ ਕਮਾਨ ਤੇ ਤੁਸੀਂ ਵੀ ਤੀਰ ਚਲਾਓ। ਦਾਸ ਨੇ ਕਮਾਨ ਫੜੀ ਤੇ ਪਿਤਾ ਜੀ ਦੀ ਯਾਦ। ਦਾਸ ਨੇ ਕਿਹਾ ਕਿ ਬਾਜਾਂ ਵਾਲਿਆਂ, ਅੱਜ ਕਮਾਨ ਫੜਾ ਦਿੱਤੀ ਹੈ। ਕਦੀ ਨਹੀਂ ਫੜੀ। ਦਾਸ ਦੇ ਕੱਦ ਜਿੰਨੀ ਹੋਣੀ ਹੈ, ਇੰਨੀ ਵੱਡੀ। ਤੀਰ ਵੀ ਨਾਲ ਦਿੱਤਾ। ਇੰਗਲੈਂਡ ਦੇ ਤੀਰ, ਪਤਾ ਨਹੀਂ ਕਿੱਥੋਂ ਬਣਾਏ ਸਨ। ਤੀਰ ਦੇ ਮਗਰ ਘੁੰਡੀ। ਕਹਿਣ ਲੱਗੇ, ਇਸ ਨੂੰ ਧਾਗੇ ਵਿੱਚ ਫਸਾਓ। ਪਿੱਛੇ ਖਿੱਚੋ ਧਾਗੇ ਨੂੰ ਜਿੰਨਾ ਖਿੱਚਿਆ ਜਾਂਦਾ ਹੈ। ਸਾਹਮਣੇ ਕੋਈ ਗੋਲ ਚੀਜ਼ ਲਗਾਈ ਸੀ, 2-3 ਮੀਟਰ ਦੀ ਦੂਰੀ ਤੇ। ਕਹਿਣ ਲੱਗੇ, ਤੀਰ ਉਸ ਵਿੱਚ ਵੱਜਣਾ ਚਾਹੀਦਾ ਹੈ। ਦਾਸ ਨੇ ਕਿਹਾ ਕਿ ਇਹ ਤਾਂ ਔਖਾ ਕੰਮ ਹੈ। ਸਾਨੂੰ ਤਾਂ ਨਿਸ਼ਾਨਾ ਨਹੀਂ ਲਗਾਉਣਾ ਆਉਂਦਾ। ਸਾਨੂੰ ਤਾਂ ਜਾਚ ਨਹੀਂ। ਤੁਸੀਂ ਕਹਿੰਦੇ ਹੋ ਕਿ ਤੀਰ ਉੱਥੇ ਵੱਜਣਾ ਚਾਹੀਦਾ ਹੈ। ਉਨ੍ਹਾਂ ਨੇ ਦਾਸ ਨੂੰ ਤੀਰ ਕਮਾਨ ਫੜਾ ਦਿੱਤਾ ਤੇ ਜਦ ਦਾਸ ਨੇ ਤੀਰ ਰੱਖਿਆ, ਮਗਰ ਨੂੰ ਖਿੱਚਿਆ ਤੇ ਨਾਲ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਆਈ ਜਾਵੇ। ਬਾਜਾਂ ਵਾਲਿਆ, ਤੁਸੀਂ ਵੀ ਇੰਝ ਹੀ ਤੀਰ ਮਗਰ ਖਿੱਚਦੇ ਸੀ। ਅੱਜ ਤੁਹਾਡੇ ਖਾਲਸਿਆਂ ਨੇ ਦਾਸ ਨੂੰ ਤੀਰ ਕਮਾਨ ਫੜਾ ਦਿੱਤਾ ਹੈ। ਜਦੋਂ ਤੀਰ ਖਿੱਚਿਆ ਤੇ ਦਾਸ ਨੇ ਅਰਦਾਸ ਕੀਤੀ, ਬਾਜਾਂ ਵਾਲਿਆ ਕਿਰਪਾ ਕਰੀਂ। ਨਿਸ਼ਾਨੇ ਤੇ ਹੀ ਤੀਰ ਲੱਗੇ। ਜੇ ਉਰੇ

ਪਰ੍ਹੇ ਹੋ ਗਿਆ ਤੇ ਫਿਰ ਅਨੰਦ ਘੱਟ ਹੈ। ਜਦੋਂ ਬਾਬਾ ਜੀ ਦੇ ਧਿਆਨ ਧਰ ਕੇ ਤੀਰ ਚਲਾਇਆ ਤੇ ਉੱਥੇ ਹੀ ਤੀਰ ਵੱਜਿਆ ਜਿੰਨਾਂ ਕੁ 2-3 ਮੀਟਰ ਦੇ ਦਾਇਰੇ ਵਿੱਚ ਜਗ੍ਹਾ ਬਣਾਈ ਸੀ, ਥਰਮੋਕੋਲ ਵਿੱਚ। ਉਹ ਖੁੱਭ ਜਾਂਦਾ ਸੀ ਤੇ ਫਿਰ ਉਹ ਸਮਝਦੇ ਸਨ ਕਿ ਨਿਸ਼ਾਨਾ ਠੀਕ ਹੈ। ਜਦੋਂ ਉਸ ਵਿੱਚ ਹੀ ਜਾ ਕੇ ਤੀਰ ਖੁੱਭਿਆ ਤੇ ਕਹਿਣ ਲੱਗੇ, ਤੁਹਾਨੂੰ ਤਾਂ ਚਲਾਉਣਾ ਆਉਂਦਾ ਹੈ। ਦਾਸ ਨੇ ਬੇਨਤੀ ਕੀਤੀ, ਮੈਂ ਤਾਂ ਪਹਿਲੀ ਵਾਰ ਤੀਰ ਕਮਾਨ ਫੜਿਆ ਤੇ ਗੁਰੂ ਸਾਹਿਬ ਆਪ ਹੀ ਵਰਤ ਰਹੇ ਹਨ। ਕਹਿੰਦੇ, ਇੱਕ ਹੋਰ ਚਲਾਓ। ਦਾਸ ਨੇ ਕਿਹਾ ਕਿ ਹੁਣ ਇਹ ਕਿਤੇ ਉਰੇ ਪਰੇ ਨਾ ਹੋ ਜਾਵੇ। ਉਧਰੋਂ ਸਟੇਜ ਦੀ ਕਾਹਲੀ, ਉਧਰੋਂ ਦਿਮਾਗ ਵਿੱਚ ਹੁੰਦਾ ਹੈ ਕਿ ਜਾ ਕੇ ਕਥਾ ਕਿਹੜੀ ਲਗਾਉਣੀ ਹੈ। ਥੋੜ੍ਹਾ ਬਹੁਤ ਦਸ ਵੀਹ ਪੈਸੇ ਤਾਂ ਕਿਤਾਬੀ ਗਿਆਨ ਚਲਦਾ ਹੀ ਹੈ, ਬਾਕੀ ਚਲੋ ਜਿਵੇਂ ਵੀ ਬਾਬਾ ਜੀ ਚਲਾ ਦੇਣ। ਦਾਸ ਨੇ ਦੂਜਾ ਤੀਰ ਫੜਿਆ ਤੇ ਅਰਦਾਸ ਕੀਤੀ, ਬਾਬਾ ਜੀ, ਫਿਰ ਲਾਜ ਰੱਖਣਾ। ਉਹ ਵੀ ਜਦੋਂ ਦੂਜਾ ਤੀਰ ਚਲਿਆ ਤੇ ਉਹ ਵੀ ਤੀਰ ਟਿਕਾਣੇ ਹੀ ਲੱਗਾ। ਦਾਸ ਚੱਲਣ ਲੱਗਾ, ਉਨ੍ਹਾਂ ਦਾ ਇੱਕ ਸਿੰਘ ਹੋਰ ਆ ਗਿਆ। ਕਹਿਣ ਲੱਗਾ, ਮੇਰੀ ਕਮਾਨ ਤੇ ਵੀ ਚਲਾਓ। ਦਾਸ ਨੇ ਅਰਦਾਸ ਕੀਤੀ, ਮਹਾਰਾਜ, ਲਾਜ ਰੱਖਣੀ, ਟਿਕਾਣੇ ਹੀ ਵੱਜੇ। ਤਿੰਨੇ ਮਹਾਰਾਜ ਜੀ ਨੇ ਟਿਕਾਣੇ ਲਗਵਾਏ। ਦਾਸ ਨੂੰ ਅੰਦਰ ਮਹਿਸੂਸ ਹੋਇਆ। ਜੋ ਇੰਗਲੈਂਡ ਦੀਆਂ ਸੰਗਤਾਂ ਨੇ ਵਿਰਸਾ ਸੰਭਾਲਿਆ ਹੈ, ਪਿਤਾ ਜੀ ਦੀ ਯਾਦ ਆਉਂਦੀ ਹੈ। ਫਿਰ ਦਾਸ ਨੇ ਸਟੇਜ ਤੋਂ ਕਿਹਾ ਕਿ ਜੋ ਤੁਸੀਂ ਸੰਭਾਲਿਆ ਉਹ ਅਸੀਂ ਅੱਜ ਪੰਜਾਬ ਵਾਲੇ ਬਹੁਤ ਪਿੱਛੇ ਹਾਂ ਕਿਵੇਂ ਦਸਤਾਰ ਸਿਖਾਈ ਜਾ ਰਹੀ ਹੈ, ਤੀਰ ਚਲਾਉਣ ਵਿੱਚ ਨਿਪੁੰਨ ਕੀਤਾ ਜਾ ਰਿਹਾ ਹੈ। ਸੰਸਕ੍ਰਿਤ ਵੀ, ਗੁਰਮੁਖੀ ਵੀ, ਨੇਜ਼ੇਬਾਜੀ ਵੀ, ਬੰਦੂਕ ਵੀ, ਤੀਰ ਵੀ, ਕਹਿਣਾ ਪਵੇਗਾ।

***ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ ॥***
***ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ॥੪॥੧੧॥***

***(ਅੰਗ ੬੧੧)***

ਵਾਕਿਆ ਹੀ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ, ਆਪ ਜੀ ਦਾ ਘਰ ਸਰਬ ਕਲਾ ਹੀ ਹੈ। ਇੱਕ ਵਾਰੀ ਬੋਲੋ ਜੀ, ਫਿਰ ਸਮਾਪਤੀ ਵੱਲ ਆ ਰਹੇ ਹਾਂ :

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।***

***(ਵਾਰ ੧੯, ਪਉੜੀ ੧੨)***

ਬਾਬਾ ਜੀ ਦਾ ਇਤਿਹਾਸ ਹੈ। ਰਸ ਬਣਾਈ ਰੱਖਣਾ। ਥੋੜ੍ਹਾ ਦਰਸ਼ਨ ਕਰੋ। ਸ੍ਰੀ ਅਨੰਦਪੁਰ ਸਾਹਿਬ ਪੰਜ ਸਾਲ ਵਿੱਚ ਹੋਈਆਂ ਜੰਗਾਂ ਵਿੱਚ ਵੀ ਬਾਬਾ ਦੀਪ ਸਿੰਘ ਜੀ ਨੇ ਹਿੱਸਾ ਲਿਆ। ਪੰਜ ਸਾਲ ਬਾਅਦ ਸਤਿਗੁਰੂ ਜੀ ਨੇ ਆਗਿਆ ਦਿੱਤੀ, ਦੀਪ ਸਿੰਘ ਜੀ, ਤੁਹਾਡੇ ਤੋਂ ਹੋਰ ਕਈ ਡਿਊਟੀਆਂ ਲੈਣੀਆਂ ਹਨ, ਤੁਸੀਂ ਪਹੁਵਿੰਡ ਸਾਹਿਬ ਜਾਓ ਤੇ ਜਾ ਕੇ ਸਿੱਖੀ ਦਾ ਪ੍ਰਚਾਰ ਕਰੋ। ਬਾਬਾ ਜੀ ਆਪਣੇ ਪਿੰਡ ਪਹੁਵਿੰਡ ਸਾਹਿਬ ਆ ਗਏ ਤੇ ਉੱਥੇ ਵੀ ਪ੍ਰਚਾਰ ਕੀਤਾ, ਗੁਰਬਾਣੀ ਦਾ। ਹੁਣ ਜ਼ਰਾ ਦਰਸ਼ਨ ਕਰਨਾ ਜੀ। ਸ੍ਰੀ ਅਨੰਦਪੁਰ ਸਾਹਿਬ ਛੱਡਿਆ। ਵੱਡੇ ਸਾਹਿਬਜ਼ਾਦੇ ਸ਼ਹੀਦ ਹੋ ਗਏ, ਛੋਟੇ ਸਾਹਿਬਜ਼ਾਦੇ ਸ਼ਹੀਦ ਹੋ ਗਏ। ਮਾਛੀਵਾੜੇ ਤੋਂ ਹੁੰਦੇ ਹੋਏ, ਸਭ ਸਮਾਂ, ਰਾਏ ਕੱਲਾ, ਰਾਏਕੋਟ ਤੇ ਜਦੋਂ ਆਸਣ ਸਾਬੋ ਕੀ ਤਲਵੰਡੀ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਲਗਾਇਆ ਜਿਸ ਨੂੰ ਪੰਜਵਾਂ ਤਖ਼ਤ ਕਿਹਾ ਜਾਂਦਾ ਹੈ, ਪ੍ਰੋਗਰਾਮ ਬਣਿਆ ਕਿ ਧੀਰ ਮੱਲ ਕੋਲੋਂ ਸਰੂਪ ਲਿਆਈਏ, ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ। 20-25 ਸਿੰਘ ਭੇਜੇ। ਧੀਰ ਮੱਲ ਨੇ ਸਰੂਪ ਦੇਣ ਤੋਂ ਨਾਂਹ ਕਰ ਦਿੱਤੀ ਤੇ ਜਿਹੜੇ ਲਫਜ਼ ਬੋਲੇ। ਧੀਰ ਮੱਲ ਕਹਿੰਦਾ ਹੈ, 20-25 ਸਿੰਘਾਂ ਨੂੰ, ਤੁਹਾਡੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਪੰਥ ਦੇ ਮਾਲਕ ਸਦਵਾਉਂਦੇ ਹਨ। ਦਸਵੀਂ ਜੋਤ ਸਦਵਾਉਂਦੇ ਹਨ। ਜੇ ਪੰਥ ਦੇ ਮਾਲਕ

ਹਨ, ਦਸਵੀਂ ਜੋਤ ਹਨ ਤੇ ਉਨ੍ਹਾਂ ਨੂੰ ਕਹੋ ਕਿ ਸਾਰੀ ਬਾਣੀ ਆਪੇ ਉਚਾਰਨ ਕਰ ਲੈਣ। ਉਹ ਜਦੋਂ ਵੀਹ-ਪੰਝੀ ਸਿੰਘਾਂ ਨੇ ਬਾਜਾਂ ਵਾਲੇ ਨੂੰ ਵਾਪਸ ਆ ਕੇ ਕਿਹਾ, ਲਫਜ਼ ਸੁਣਨਾ ਪਿਤਾ ਜੀ ਦੇ। ਸਾਰੀ ਗੱਲ ਦੱਸੀ। ਉਸ ਨੇ ਇੰਝ ਕਹਿ ਦਿੱਤਾ ਹੈ ਤੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਮੁੱਖ ਵਿੱਚੋਂ ਨਿਕਲਿਆ, ਚਿੰਤਾ ਨਾ ਕਰੋ। ਨਿਰੰਕਾਰ ਆਪੇ ਬਿੱਧ ਬਣਾਏਗਾ। ਭਾਈ ਮਨੀ ਸਿੰਘ ਜੀ ਨੂੰ ਦਿੱਲੀ ਤੋਂ ਸੱਦਿਆ, ਬਾਜਾਂ ਵਾਲੇ ਪਿਤਾ ਜੀ ਨੇ। ਸਿੰਘ ਭੇਜਿਆ। ਬਾਬਾ ਦੀਪ ਸਿੰਘ ਜੀ ਨੂੰ ਪਹੂਵਿੰਡ ਸਾਹਿਬ ਤੋਂ ਸੱਦਿਆ। ਵੇਖੋ ਵਾਰਤਾ ਕਰੀਏ ਤੇ ਟਾਈਮ ਲੱਗਦਾ ਹੈ। ਦਾਸ ਨੇ ਸੋਚਿਆ ਕਿ ਪਹਿਲਾ ਸ਼ਬਦ ਪੰਜ ਸੱਤ ਮਿੰਟ ਵਿੱਚ ਲੱਗ ਜਾਵੇਗਾ ਪਰ ਪਹਿਲਾ ਸ਼ਬਦ ਹੀ ਵੀਹ-ਪੰਝੀ ਮਿੰਟ ਲੈ ਗਿਆ। ਉੱਥੇ ਆ ਕੇ ਦਾਸ ਨੇ ਸੋਚਿਆ ਕਿ ਕਈ ਵਾਰ ਜੱਥੇ ਦੇ ਸਿੰਘ ਪੂਰੇ ਢੁੱਕਵੇਂ ਪ੍ਰਮਾਣ ਦੇ ਰਹੇ ਹੁੰਦੇ ਹਨ, ਤਾਂ ਵੱਸ ਨਹੀਂ ਚਲਦਾ, ਸਮਾਂ ਲੱਗ ਜਾਂਦਾ ਹੈ। ਇਹ ਚੀਜ਼ਾਂ ਲਓ। ਜਥੇਦਾਰ ਨਾ ਬਣੋ, ਪ੍ਰਧਾਨ ਨਾ ਬਣੋ। ਬਣੋ ਪ੍ਰਧਾਨ ਵੀ, ਜਥੇਦਾਰ ਵੀ, ਬਾਬਾ ਦੀਪ ਸਿੰਘ ਜੀ ਵਰਗੀ ਗਰੀਬੀ ਨਾ ਛੱਡੋ। ਇਹ ਗੱਲ ਲਵਾਂ ਤੇ ਫਿਰ ਦਸ ਮਿੰਟ ਲੱਗਦੇ ਹਨ। ਜਿਹੜਾ ਸਿੰਘ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਭੇਜਿਆ ਹੈ, ਪਹੂਵਿੰਡ ਸਾਹਿਬ, ਬਾਬਾ ਦੀਪ ਸਿੰਘ ਜੀ ਨੂੰ ਸਤਿਕਾਰ ਨਾਲ ਲੈ ਕੇ ਆਓ। ਉਹ ਜਦੋਂ ਪਹੁੰਚਿਆ ਤੇ ਬਾਬਾ ਦੀਪ ਸਿੰਘ ਜੀ ਕਿੰਨੀ ਸੰਗਤ ਬੈਠੀ ਹੈ ਤੇ ਗੁਰਮਤਿ ਦਾ ਪ੍ਰਚਾਰ ਕਰ ਰਹੇ ਹਨ। ਬਾਬਾ ਜੀ ਕਥਾ ਕਰ ਰਹੇ ਹਨ, ਸੈਂਚੀ ਸਾਹਿਬ ਅੱਗੇ ਪਈ ਹੈ, ਗੁਰਮਤਿ ਦਾ ਪ੍ਰਚਾਰ ਕਰ ਰਹੇ ਹਨ, ਭੋਗ ਪਿਆ। ਸਿੰਘ ਨੇ ਆਖਿਆ, ਬਾਬਾ ਜੀ, ਕਲਗੀਧਰ ਪਿਤਾ ਜੀ ਨੇ ਯਾਦ ਕੀਤਾ ਹੈ। ਆਪ ਜੀ ਨੂੰ ਸੱਦਣਾ ਕੀਤਾ ਹੈ, ਕੋਈ ਡਿਊਟੀ ਦੇਣੀ ਹੈ। ਬਾਬਾ ਜੀ ਕਹਿੰਦੇ, ਸਤਿ ਬਚਨ। ਬਾਬਾ ਜੀ ਪੁੱਛਣ ਲੱਗੇ ਕਿ ਹੁਣ ਚੱਲਣਾ ਹੈ ਕਿ ਸਵੇਰੇ। ਹੁਕਮ। ਉਹ ਕਹਿਣ ਲੱਗਾ ਕਿ ਮੈਂ ਵੀ ਸਫਰ ਕਰਕੇ ਆਇਆ ਹਾਂ ਤੇ ਸਵੇਰੇ ਚੱਲਾਂਗੇ। ਹੁਣ ਇਹ ਚੀਜ਼ਾਂ ਖੜ੍ਹੋ ਕਿ ਸਾਡੇ ਬਾਬਾ ਦੀਪ ਸਿੰਘ ਜੀ ਨੇ ਗਰਮ ਪਾਣੀ ਲੈ ਕੇ ਉਸ ਗੁਰਮੁਖ ਪਿਆਰੇ ਦੇ ਚਰਨ ਵੀ ਧੋਤੇ, ਉਸ ਗੁਰਮੁਖ ਪਿਆਰੇ ਦੀਆਂ ਲੱਤਾਂ ਵੀ ਗੋਡਿਆਂ ਤੱਕ ਧੋਤੀਆਂ, ਉਸ ਦੀ ਥਕਾਵਟ ਲਾਹੀ, ਇਹ ਸਨ, ਸਾਡੇ ਧੰਨ ਬਾਬਾ ਦੀਪ ਸਿੰਘ ਜੀ। ਇਹ ਸੀ, ਆਪਸ ਵਿੱਚ ਗੁਰਮੁਖ ਪਿਆਰਿਆਂ ਦਾ ਸਤਿਕਾਰ। ਖਾਲਸਾ ਜੀ, ਤੁਸੀਂ ਦੂਰੋਂ ਆਏ ਹੋ। ਉਦੋਂ ਗੱਡੀਆਂ ਹੈ ਨਹੀਂ ਸਨ, ਘੋੜਿਆਂ ਤੇ ਹੀ ਆਏ। ਸਾਰੀ ਲੱਤ ਰਾਹ ਵਿੱਚ ਲਮਕੀ ਰਹਿਣੀ, ਕਿੰਨੇ ਘੰਟੇ। ਇਹ ਥੋੜ੍ਹਾ ਨਿੱਘੇ ਜਲ ਨਾਲ ਆਪ ਜੀ ਦੀ ਥਕਾਵਟ ਲੱਥ ਜਾਵੇਗੀ। ਉਸ ਨਿੱਘੇ ਜਲ ਨਾਲ ਥਕਾਵਟ ਲਾਹੀ, ਲੱਤਾਂ ਵੀ ਘੁੱਟੀਆਂ।

***ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ ॥***

***(ਅੰਗ ੧੪੨੪)***

ਆਹ ਹਨ, ਸਾਡੇ ਬਾਬਾ ਦੀਪ ਸਿੰਘ ਜੀ। ਬਾਬਾ ਜੀ ਆ ਗਏ। ਉਨ੍ਹਾਂ ਦੇ ਨਾਲ ਪਹੁੰਚ ਗਏ, ਸਾਬੋ ਕੀ ਤਲਵੰਡੀ। ਸਤਿਗੁਰੂ ਜੀ ਦੇ ਦਰਸ਼ਨ ਕੀਤੇ। ਥੋੜ੍ਹੇ ਦਿਨ ਬੀਤੇ ਤੇ ਇੱਕ ਤੰਬੂ ਵਿੱਚ ਕੌਣ ਬੈਠੇ ਹਨ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ। ਦੂਜੇ ਤੰਬੂ ਵਿੱਚ ਕੌਣ ਹਨ? ਭਾਈ ਮਨੀ ਸਿੰਘ ਜੀ ਤੇ ਬਾਬਾ ਦੀਪ ਸਿੰਘ ਜੀ। ਇੱਧਰੋਂ ਕਲਗੀਧਰ ਪਿਤਾ ਜੀ ਉਚਾਰਨ ਕਰ ਰਹੇ ਹਨ। ਸਾਰੇ ਨਾਲ ਉਚਾਰਨ ਕਰੋ :

***ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ***
***ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥***

***॥ ਜਪੁ ॥***

***ਆਦਿ ਸਚੁ ਜੁਗਾਦਿ ਸਚੁ ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥***

***(ਸ੍ਰੀ ਜਪੁ ਜੀ ਸਾਹਿਬ)***

—ਬਾਕੀ ਹਿੱਸਾ ਪੰਨਾ 32 'ਤੇ ਪੜ੍ਹੋ ਜੀ

# ਅਨਮੋਲ ਬਚਨ

ਲੜੀ ਜੋੜਨ ਲਈ
ਪਿਛਲਾ ਅੰਕ ਦੇਖੋ ਜੀ:-

ਸੰਗ੍ਰਹਿ ਕਰਤਾ-ਸੰਪਾਦਕ

## ਧੰਨ ਧੰਨ ਬਾਬਾ ਨੰਦ ਸਿੰਘ ਜੀ

302 ਪ੍ਰੇਮ ਇੱਕ ਐਸਾ ਹਥਿਆਰ ਹੈ ਜੋ ਨ਼ਫਰਤ ਨੂੰ ਜੜ੍ਹੋਂ ਵੱਢ ਦਿੰਦਾ ਹੈ।

303 ਸਾਧ ਸੰਗਤ ਦੀ ਚਰਨ ਧੂੜ ਨਾਲ ਮਾੜੀਆਂ ਰੇਖਾਵਾਂ ਵੀ ਬਦਲ ਜਾਂਦੀਆਂ ਹਨ।

## ਧੰਨ ਧੰਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

136 ਨਾਮ ਤੋਂ, ਭਜਨ ਬੰਦਗੀ ਤੋਂ ਹੀਣਾ ਜੀਵਨ ਨਿਹਫਲ ਹੈ।

137 ਮਨੁੱਖਾ ਜਨਮ ਪਾ ਕੇ ਵੀ ਜੋ ਪਰਮੇਸ਼ਰ ਦੀ ਬੰਦਗੀ ਨਹੀਂ ਕਰਦਾ ਉਹ ਤਾਂ ਜਾਣੋ ਹੱਥ ਵਿੱਚ ਤਿੱਖਾ ਛੁਰਾ ਲੈ ਕੇ ਆਪਣੀ ਜੀਵ ਆਤਮਾ ਨੂੰ ਕਤਲ ਕਰ ਰਿਹਾ ਹੈ।

—ਭਾਈ ਅਮਰੀਕ ਸਿੰਘ ਗਨੈਸਕ

ਬੱਚਿਆਂ ਲਈ ਵਿਸ਼ੇਸ਼

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ ਨਵੀਂ ਲਹਿਰ

# 400 ਸਾਲ ਗੁਰ ਇਤਿਹਾਸ ਦੇ ਨਾਲ

ਸਤਿਗੁਰੂ ਜੀ ਦੀ ਕਿਰਪਾ ਨਾਲ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਦੇ ਸੰਬੰਧ ਵਿੱਚ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਨਵੀਂ ਲਹਿਰ "**400 ਸਾਲ ਗੁਰ ਇਤਿਹਾਸ ਦੇ ਨਾਲ**" ਸਿਫਤਿ ਸਾਲਾਹ ਵਿੱਚ ਅੰਕ 136 ਤੋਂ ਸ਼ੁਰੂ ਕੀਤੀ ਗਈ ਹੈ ਜਿਸ ਵਿੱਚ ਗੁਰੂ ਸਾਹਿਬਾਨਾਂ, ਸ਼ਹੀਦ ਸਿੰਘਾਂ ਅਤੇ ਗੁਰੂ ਕੇ ਪਿਆਰਿਆਂ ਦੇ ਜੀਵਨ ਵਿੱਚੋਂ ਪ੍ਰਸ਼ਨ-ਉੱਤਰ ਦੇ ਰੂਪ ਵਿੱਚ ਆਪਣੇ ਗੌਰਵਮਈ ਸਿੱਖ ਇਤਿਹਾਸ ਤੋਂ ਬੱਚਿਆਂ ਨੂੰ ਜਾਣੂੰ ਕਰਵਾਇਆ ਜਾਵੇਗਾ ਤਾਂ ਕਿ ਉਹ ਇਸ ਤੋਂ ਜਾਣੂ ਹੋ ਕੇ ਸੇਧ ਲੈ ਸਕਣ। ਆਪ ਜੀ ਅਸੀਸ ਦੇਣਾ ਤਾਂ ਕਿ ਇਹ ਸੇਵਾ ਹੋ ਸਕੇ।

***ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-***

**43. ਪ੍ਰ: ਕਿਹੜੇ ਗੁਰੂ ਸਾਹਿਬ ਜੀ ਦੀ ਪਾਵਨ ਨਦਰਿ ਨਾਲ ਕੌੜੇ ਰੀਠੇ ਵੀ ਮਿੱਠੇ ਹੋ ਗਏ?**

ਉ: ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

ਇਹ ਪਾਵਨ ਅਸਥਾਨ ਸ੍ਰੀ ਨਾਨਕ ਮਤਾ ਸਾਹਿਬ ਤੋਂ 50 ਕਿਲੋਮੀਟਰ ਦੀ ਦੂਰੀ ਤੇ ਉਤਰਾਖੰਡ ਦੇ ਚੰਪਾਵਤ ਇਲਾਕੇ ਵਿੱਚ ਸੁਸ਼ੋਭਿਤ ਹੈ ਅਤੇ ਇਸ ਪਾਵਨ ਅਸਥਾਨ ਦਾ ਨਾਂ ਗੁਰਦੁਆਰਾ ਸ੍ਰੀ ਰੀਠਾ ਸਾਹਿਬ ਹੈ। ਇੱਥੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਚਰਨ ਪਾਏ। ਗੁਰੂ ਸਾਹਿਬ ਜੀ ਦਾ ਸਿੱਧਾਂ ਨਾਲ ਮੇਲ ਹੋਇਆ। ਵਿਚਾਰ ਵੀ ਹੋਈ। ਭਾਈ ਮਰਦਾਨਾ ਜੀ ਨੇ ਬੇਨਤੀ ਕੀਤੀ, ਸਤਿਗੁਰੂ ਜੀ, ਭੁੱਖ ਲੱਗੀ ਹੈ। ਗੁਰੂ ਸਾਹਿਬ ਜੀ ਨੇ ਰੀਠੇ ਦੇ ਦਰੱਖਤ ਵੱਲ ਨਦਰਿ ਕੀਤੀ ਤੇ ਕਿਹਾ, ਮਰਦਾਨਿਆ, ਕੁਝ ਰੀਠੇ ਤੋੜ ਕੇ ਖਾ ਲੈ। ਭਾਈ ਮਰਦਾਨਾ ਜੀ, ਕਹਿਣ ਲੱਗੇ, ਕਿਵੇਂ ਖਾਵਾਂ, ਇਹ ਤਾਂ ਕੌੜੇ ਜ਼ਹਿਰ ਹਨ। ਗੁਰੂ ਸਾਹਿਬ ਜੀ ਨੇ ਕਿਹਾ, ਮਰਦਾਨਿਆ, ਰਲ ਕੇ ਖਾਵਾਂਗੇ। ਜਿਤਨੀ ਭੁੱਖ ਹੈ, ਉਤਨਾ ਖਾਈਏ ਤੇ ਕੌੜੇ ਜ਼ਹਿਰੀਲੇ ਨਹੀਂ ਲੱਗਣਗੇ। ਲਾਲਚ ਹੀ ਅਸਲ ਜ਼ਹਿਰ ਹੈ। ਪੱਲ੍ਹੇ ਨਾ ਬੰਨ੍ਹੀਂ। ਜਦੋਂ ਭਾਈ ਮਰਦਾਨਾ ਜੀ ਨੇ ਰੀਠੇ ਛਕੇ ਤੇ ਸੱਚਮੁੱਚ ਮਿੱਠੇ। ਸੂਰਜ ਪ੍ਰਕਾਸ਼ ਵਿੱਚ ਵੀ ਹਵਾਲਾ ਦਿੱਤਾ ਹੈ ਕਿ ਇੱਕ ਡਾਲ ਦੇ ਰੀਠੇ ਕੌੜੇ ਤੇ ਇੱਕ ਡਾਲ ਦੇ ਮਿੱਠੇ ਹਨ।

***ਇਕ ਕੇ ਫਲ ਮਧੁਰੇ ਇਕ ਕੌੜੇ।***

ਇਸ ਅਸਥਾਨ ਤੇ ਅੱਜ ਵੀ ਮਿੱਠੇ ਰੀਠਿਆਂ ਦਾ ਪ੍ਰਸ਼ਾਦਿ ਦਿੱਤਾ ਜਾਂਦਾ ਹੈ।

***

**44. ਪ੍ਰ: ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਰਾਏਕੋਟ ਤੋਂ ਛੋਟੇ ਸਾਹਿਬਜ਼ਾਦਿਆਂ ਅਤੇ ਧੰਨ ਧੰਨ ਮਾਤਾ ਗੁਜਰ ਕੌਰ ਜੀ ਦੀ ਖਬਰ ਲੈਣ ਲਈ ਕਿਸ ਨੂੰ ਸਰਹਿੰਦ ਵੱਲ ਭੇਜਿਆ?**

ਉ: ਨੂਰਾ ਮਾਹੀ

ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ 19 ਪੋਹ ਸੰਮਤ 1761 ਬਿਕਰਮੀ (ਜਨਵਰੀ 1705) ਵਿੱਚ ਇੱਥੇ ਪਹੁੰਚੇ। ਸਵੇਰ ਵੇਲੇ ਰਾਏ ਕੱਲਾ ਦਾ ਚਰਵਾਹਾ ਨੂਰਾ ਮਾਹੀ ਮੱਝਾਂ ਚਰਾਉਣ ਵਾਸਤੇ ਆਇਆ। ਗੁਰੂ ਸਾਹਿਬ ਜੀ ਨੇ ਨੂਰੇ ਮਾਹੀ ਨੂੰ ਦੁੱਧ ਛਕਾਉਣ ਲਈ ਕਿਹਾ ਉਸ ਨੇ

ਬੇਨਤੀ ਕੀਤੀ ਕਿ ਮੈਂ ਮੱਝਾਂ ਤਾਂ ਸਵੇਰੇ ਹੀ ਚੋ ਆਇਆ ਹਾਂ। ਗੁਰੂ ਸਾਹਿਬ ਨੇ ਇੱਕ ਔਸਰ ਝੋਟੀ ਵੱਲ ਇਸ਼ਾਰਾ ਕੀਤਾ ਤੇ ਜਦੋਂ ਨੂਰਾ ਮਾਹੀ ਨੇ ਆਗਿਆ ਮੰਨ ਕੇ ਝੋਟੀ ਨੂੰ ਚੋਇਆ ਤੇ ਉਸ ਨੇ ਦੁੱਧ ਦਿੱਤਾ। ਇਹ ਦੁੱਧ 288 ਛੇਕਾਂ ਵਾਲੇ ਬਰਤਨ ਵਿੱਚ ਪਾਇਆ ਤੇ ਦੁੱਧ ਤਾਂ ਵੀ ਬਾਹਰ ਨਹੀਂ ਡੁੱਲ੍ਹਿਆ। ਇਹ ਬਰਤਨ ਦਾ ਨਾਂ ਗੰਗਾ ਸਾਗਰ ਹੈ ਜੋ ਅੱਜ ਵੀ ਮੌਜੂਦ ਹੈ। ਨੂਰੇ ਮਾਹੀ ਨੇ ਇਹ ਵਿਥਿਆ ਆਪਣੇ ਮਾਲਕ ਰਾਏ ਕੱਲਾ ਜੀ ਨੂੰ ਦੱਸੀ। ਉਹ ਦਰਸ਼ਨਾਂ ਵਾਸਤੇ ਆਇਆ ਤੇ ਮਹਾਰਾਜ ਜੀ ਦੇ ਚਰਨਾਂ ਤੇ ਮੱਥਾ ਟੇਕਿਆ। ਗੁਰੂ ਸਾਹਿਬ ਜੀ ਦੀ ਆਗਿਆ ਨਾਲ ਰਾਏ ਕੱਲ੍ਹਾ ਨੇ ਨੂਰਾ ਮਾਹੀ ਨੂੰ ਸਰਹਿੰਦ ਵੱਲ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦਾ ਪਤਾ ਲੈਣ ਵਾਸਤੇ ਤੋਰਿਆ। ਨੂਰਾ ਮਾਹੀ ਸਰਹਿੰਦ ਆਪਣੀ ਭੈਣ ਦੇ ਘਰ ਪਹੁੰਚਿਆ ਤੇ ਸਾਰੀ ਖਬਰ ਲਈ। ਵਾਪਸ ਆਉਣ ਤੇ ਬੜੇ ਹੀ ਵੈਰਾਗ ਵਿੱਚ ਨੂਰਾ ਮਾਹੀ ਨੇ ਗੁਰੂ ਕਲਗੀਧਰ ਪਿਤਾ ਜੀ ਨੂੰ ਇਹ ਸ਼ਹੀਦੀ ਸਾਕਾ ਸੁਣਾਇਆ। ਜਦੋਂ ਖਬਰ ਸੁਣਾਈ ਤਾਂ ਗੁਰੂ ਸਾਹਿਬ ਨੇ ਕਾਈ (ਦੱਭ) ਦਾ ਬੂਟਾ ਪੁੱਟਦੇ ਹੋਏ ਬਚਨ ਕੀਤਾ ਕਿ ਅੱਜ ਤੋਂ ਮੁਗਲਾਂ ਦੀ ਜੜ੍ਹ ਪੁੱਟੀ ਗਈ। ਜਿੱਥੋਂ ਨੂਰਾ ਮਾਹੀ ਨੂੰ ਭੇਜਿਆ ਉੱਥੇ ਗੁਰਦੁਆਰਾ ਸ੍ਰੀ ਟਾਹਲੀਆਣਾ ਸਾਹਿਬ ਅਤੇ ਜਿੱਥੇ ਆ ਕੇ ਨੂਰਾ ਮਾਹੀ ਨੇ ਸਾਰਾ ਬਿਰਤਾਂਤ ਸੁਣਾਇਆ, ਉੱਥੇ ਗੁਰਦੁਆਰਾ ਸ੍ਰੀ ਜੜ੍ਹ ਪੁੱਟੀ ਸਾਹਿਬ ਰਾਏਕੋਟ ਵਿਖੇ ਸੁਸ਼ੋਭਿਤ ਹਨ। ਲੁਧਿਆਣੇ ਤੋਂ ਇਹ ਅਸਥਾਨ ਤਕਰੀਬਨ 45 ਕਿਲੋਮੀਟਰ ਅਤੇ ਬਰਨਾਲੇ ਤੋਂ ਇਹ ਅਸਥਾਨ ਤਕਰੀਬਨ 32 ਕਿਲੋਮੀਟਰ ਤੇ ਹੈ।

---

*ਪੰਨਾ 29 ਦਾ ਬਾਕੀ ਹਿੱਸਾ—*

ਭਾਈ ਮਨੀ ਸਿੰਘ ਜੀ ਲਿਖ ਰਹੇ ਹਨ। ਬਾਜਾਂ ਵਾਲੇ ਨੇ ਮੈਂ ਨਹੀਂ ਕੀਤੀ। ਆਖਿਆ, ਧੀਰ ਮੱਲ ਨੇ ਕਿਹਾ ਜੇ ਦਸਵੀਂ ਜੋਤ ਹਨ ਤੇ ਫਿਰ ਆਪੇ ਬਾਣੀ ਉਚਾਰਨ ਕਰ ਲੈਣ। ਇਹ ਆਖਿਆ, ਨਿਰੰਕਾਰ ਆਪੇ ਬਿੱਧ ਬਣਾਉਗਾ, ਚਿੰਤਾ ਨਾ ਕਰੋ। ਇੱਕ ਤੰਬੂ ਵਿੱਚ ਬੈਠੇ, ਆਤਮਿਕ ਬਲ ਨਾਲ, ਉਚਾਰਨ ਕਰ ਰਹੇ ਹਨ ਤੇ ਦੂਜੇ ਤੰਬੂ ਵਿੱਚ ਭਾਈ ਮਨੀ ਸਿੰਘ ਜੀ ਲਿਖ ਰਹੇ ਹਨ। ਬਾਬਾ ਦੀਪ ਸਿੰਘ ਜੀ ਸਿਆਹੀ, ਕਲਮਾਂ, ਕਾਗਜ਼ਾਂ ਦਾ ਨਾਲ ਇੰਤਜ਼ਾਮ ਕਰ ਰਹੇ ਹਨ ਤੇ ਸੰਗਤ ਜੀ, ਜਿੰਨੀ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ੧ਓ ਤੋਂ ਲੈ ਕੇ ਅਠਾਰਹ ਦਸ ਬੀਸ ਤੱਕ ਉਚਾਰਨ ਕੀਤੀ।

ਇਹ ਸਾਰੀ ਬਾਣੀ ਜ਼ਬਾਨੀ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇੱਕ ਤੰਬੂ ਵਿੱਚ ਬੈਠ ਕੇ ਨੌਂ ਮਹੀਨੇ ਨੌਂ ਦਿਨ ਨੌਂ ਘੜੀਆਂ ਵਿੱਚ ਸਾਰੀ ਉਚਾਰਨ ਕੀਤੀ। ਭਾਈ ਮਨੀ ਸਿੰਘ ਜੀ ਲਿਖਣ ਦੀ ਸੇਵਾ ਤੇ ਬਾਬਾ ਦੀਪ ਸਿੰਘ ਜੀ ਉਤਲੀ ਸਾਰੀ ਅਦਬ ਸਤਿਕਾਰ ਨਾਲ ਸੇਵਾ, ਨੌਂ ਮਹੀਨੇ, ਨੌਂ ਦਿਨ, ਨੌਂ ਘੜੀਆਂ। ਸੰਗਤ ਜੀ, ਕੋਈ ਸੰਗਤ ਵਾਂਝੀ ਨਾ ਰਹੇ। ਕਹਿ ਦਿਓ ਪਿਆਰ ਨਾਲ :

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।***

***(ਵਾਰ ੧੯, ਪਉੜੀ ੧੨)***

ਧੰਨ ਬਾਬਾ ਦੀਪ ਸਿੰਘ ਜੀ ਦਾ ਨਿੱਤ ਦਾ ਜਿਹੜਾ ਕਰਮ ਹੈ, ਬਾਬਾ ਦੀਪ ਸਿੰਘ ਜੀ, ਜਿਹੜਾ ਨਿੱਤ ਦਾ ਕਰਮ ਕਿਸ ਤਰ੍ਹਾਂ ਦਾ ਸੀ, ਕਿੰਨਾ ਚਿਰ ਕੀ ਕਰਦੇ ਸੀ। ਇਹ ਬੜੇ ਮਹਾਨ ਅੰਸ਼ ਹਨ ਜਿਸ ਨਾਲ ਸਿੱਧੀ ਸੜਕ ਮਿਲਦੀ ਹੈ। ਇਸ ਦਾ ਵੇਰਵਾ ਅਗਲੇ ਅੰਕ ਵਿੱਚ ਛਾਪਿਆ ਜਾਵੇਗਾ ਜੀ। ਇੱਕ ਵਾਰੀ ਪੜ੍ਹੋ ਜੀ ਪਿਆਰ ਨਾਲ :

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।***

***(ਵਾਰ ੧੯, ਪਉੜੀ ੧੨)***

***

# ठण्डे बुर्ज व ठण्डी रातों का अनोखा इतिहास

## परम सत्कारयोग्य भाई साहिब भाई गुरइकबाल सिंघ जी के द्वारा दिए गए प्रोग्राम का अनुवाद

*–जसविन्द्र सिंघ (पटियाला)*

*तू ठाकुरो बैरागरो मै जेही घण चेरी राम।।*
*तूं सागरो रतनागरो हउ सार न जाणा तेरी राम।।*
*सार न जाणा तू वड दाणा करि मिहरंमति सांई।।*
*किरपा कीजै सा मति दीजै आठ पहर तुधु धिआई।।*
*गरबु न कीजै रेण होवीजै ता गति जीअरे तेरी।।*
*सभ ऊपरि नानक का ठाकुरु मै जेही घण चेरी राम।१।।*
*(अंग ७७६)*

सारी संगत श्री गुरु गोबिंद सिंघ जी महाराज के प्यार में कहो सतिनाम श्री वाहिगुरु जी।

जब श्री गुरु गोबिंद सिंघ जी महाराज ने श्री आनंदपुर साहिब का किला छोड़ा है, जहाँ सारा परिवार विछड़ा है, वहाँ आज आप तमाम संगतें दर्शन करती हैं गुरुद्वारा परिवार विछोड़ा साहिब जी के। श्री गुरु गोबिंद सिंघ जी महाराज, बड़े साहिबज़ादे, पांच प्यारे एवं गुरु साहिब के बहुत प्यारे सिक्ख चमकौर की गढ़ी की तरफ रवाना हो गए। माता सुंदर कौर जी, माता साहिब कौर जी इनको गुरु साहिब ने भाई मनी सिंघ एवं भाई जवाहर सिंघ के साथ पहले ही दिल्ली की ओर भेज दिया था। छोटे साहिबज़ादे व माता गुजर कौर जी सरसा नदी के किनारे–किनारे होते हुए पहुँचे हैं, गाँव चक्क ढेरां (ज़िला रोपड़) रात हो गई। यहाँ अब किसी के घर रात बिताई है?

पहली रात बिताई नाव के मल्लाह कुम्मा माशकी जी की झोंपड़ी में। अब यहाँ गुरुद्वारा माता गुजर कौर जी और छोटे साहिबज़ादे (यादगार झोंपड़ी बाबा कुम्मा माशकी जी) मौजूद है। गंगू ब्राह्मण यहाँ आकर मिला और यहाँ से इन तीनों पवित्र रूहों को अपने साथ ले गया। कहाँ ले गया? अपने पैतृक गाँव सहेड़ी। गंगू ब्राह्मण ने माता जी एवं छोटे साहिबज़ादों को गाँव से थोड़ी दूर एक कुटिया में बैठा दिया। उस समय वहाँ घना जंगल था और स्वयं अपने गाँव में यह देखने चला गया कि आस पास कोई मुगल तो नहीं है। यहाँ से फिर गंगू ब्राह्मण माता जी एवं छोटे साहिबज़ादों को अपने घर ले आया। यहाँ निवास करवाया, भोजन–पानी से सेवा की। गंगू गुरु घर के लंगर में रसोईआ था।

दूसरी रात माता जी एवं छोटे साहिबज़ादों ने गंगू के गाँव सहेड़ी में उसके घर बिताई थी, जहाँ अब गुरुद्वारा अटक साहिब शोभायमान है। पहले इस गुरुद्वारा साहिब का नाम गुरुद्वारा

भयानक रात दी चीस था। बाद में इस गुरुद्वारा साहिब का नाम गुरुद्वारा अटक साहिब रखा गया, क्योंकि पंजाबी में अटक का मतलब रुकना या आराम करना है।

माता जी के पास मोहरों की थैली देखकर गंगू की नीयत बदल गई। अरदास करना, गुरु साहिब मोह–माया के इस भ्रमजाल से बचा कर रखें। माया ने बुद्धि भ्रष्ट कर दी और सोचने लगा कि यदि मैं माता जी एवं छोटे साहिबज़ादों को पकड़ा दूँ, यह माया भी मेरी और इनाम भी मेरा। दोनों तरफ से कार्य होगा। फिर गंगू ने जितनी माया की मोहरें थीं, सब छुपा दी और शोर मचा दिया मोहरें चोरी हो गई। माता गुजर कौर ने पास बुलाकर कहा कि भाई, शोर मत मचाओ। मोहरें यहाँ ही होंगी, घर में बाहर से कोई नहीं आया, घर में ही होंगी। गंगू राम मोहरें तू ही कहीं रख कर भूल गया है। उसने इतनी बात का गुस्सा किया। अपने घर के चौधरी को साथ लेकर मोरिंडा थाना कोतवाली में पहुँच गया। वहाँ उस समय दो थानेदार जानी खां, मानी खां डयूटी कर रहे थे। इनको बताया कि मेरे घर श्री गुरु गोबिंद सिंघ जी के माता गुजर कौर जी एवं छोटे साहिबज़ादे बाबा ज़ोरावर सिंघ एवं बाबा फतेह सिंघ जी मौजूद हैं, आप इनको गिरफ्तार कर लो।

गुरुद्वारा श्री रथ साहिब गाँव सहेड़ी के बाहर, मुख्य मोरिण्डा से रोपड़ रोड पर स्थित है। इस स्थान से जानी खां, मानी खां माता जी व दोनों साहिबज़ादों को गिरफ्तार करके मोरिण्डा थाना कोतवाली में ले आए। यहाँ कोतवाली में बंद कर दिया। एक रात यहाँ रखा गया। न रात को भोजन–पानी, न ठण्ड से बचने के लिए कोई गर्म कपड़ा दिया। तीसरी रात माता जी व छोटे साहिबज़ादों ने यहाँ बिताई, जहाँ अब गुरुद्वारा कोतवाली साहिब (मोरिण्डा) शोभायमान है। अगले दिन सुबह होते ही बैल गाड़ी में बैठाकर सरहिन्द को ले गए।

गुरुद्वारा गुप्त खजाना गोबिंद सागर साहिब (गाँव सहेड़ी) यह वह स्थान है जहाँ गंगू ने माता जी की चोरी की मोहरों की थैली को छिपाया था। माता जी व छोटे साहिबज़ादों की गिरफ्तारी के बाद जब गंगू अगले दिन इस स्थान पर आया तो मोहरों की थैली के पास एक बड़ा सांप बैठा हुआ था, गंगू उस सांप को देखकर भाग गया। कहते हैं, फिर वह मोहरें इस जगह से लुप्त हो गई।

संगत जी, अब यहाँ से शिक्षा लेना। मोहरें वही है। यदि उस गंगू ब्राह्मण को मोहरों की जरुरत थी तो मांग कर ले लेता तो अमृत था पर वह चीज गलत ढंग से ली तो जहर बन गई। बहुत बड़ी शिक्षा है। बहुत बड़ी सूझ है। जितना बचकर रह सको, जरुर रहना। बाबा जी के गुरबाणी में वचन हैं:

***माइआ ममता मोहणी***
***जिनि विणु दंता जगु खाइआ॥***
***मनमुख खाधे गुरमुखि उबरे***
***जिनी सचि नामि चितु लाइआ॥***

*(अंग ६४३)*

माया का मूल क्या है? लोभ। एक है– लोभ में सदा डूबे रहना। दूसरा है– लोभ अंदर दब जाना व तीसरा है– लोभ जिंदगी में से पूरी तरह निकल जाना। दास की सारी संगत को

हाथ जोड़कर विनती है कि अरदास किया करो कि कोई चीज अंदर दबी न रहे, निकल ही जाए। दबी रही तो दुबारा फिर से जीवन में आ सकती है। निकल जाए, जीवन में से श्री गुरु गोबिंद सिंघ जी महाराज यही कृपा करना।

जब माता गुजर कौर जी व छोटे साहिबज़ादों को मोरिंडा से सरहिन्द ले आए तो सूबा सरहिन्द वजीद खां ने हुक्म किया कि इनको ठण्डे बुर्ज में कैद कर दो। सुबह कचहरी लगाएंगे। इतनी शीत लहर, ठण्डी हवा, कड़ाके की सर्दी और कोई गर्म कपड़ा भी पास नहीं। माता जी व छोटे साहिबज़ादों को ठण्डे बुर्ज में कैद कर दिया।

अब इतिहास में एक नाम आया है बाबा मोती राम मेहरा जी। इन्होंने कमाल ही कर दी। बाबा मोती राम मेहरा जी अपनी पत्नी को कहते हैं, छोटे साहिबज़ादे व माता गुजर कौर जी ठण्डे बुर्ज में कैद हैं। इतनी ठण्ड है, ठण्डी हवा चल रही है और इनको न कोई कपड़ा दिया गया है और न ही कुछ खाने को दिया गया है। बाबा मोती राम मेहरा जी कहते माता जी व छोटे साहिबज़ादों के रूहानी चेहरे देखकर मेरा दिल करता है माता जी व छोटे साहिबज़ादों को गर्म गर्म दूध पिलाया जाए पर पहरा बड़ा सख्त है। हर दस फुट बाद, पंद्रह फुट बाद, बीस फुट बाद अलग–अलग पहरेदार खड़े हैं। अब यहाँ आप सबका शीश झुकेगा। बाबा मोती राम मेहरा जी की पत्नी क्या कहती है कि मेरे जितने आभूषण हैं, ये ले जाओ। जो भी सिपाही पहरे पर खड़ा हो, उसको आभूषणों का लालच देकर थोड़े–थोड़े आभूषण देकर निकल जाना। अंदर एक चाव था कि सारे आभूषण जाते हैं चले जाएं पर माता जी एव छोटे साहिबज़ादों की रसना को दूध प्राप्त हो जाए।

*साचु कहों सुन लेहु सभै*
*जिन प्रेमु कीओ तिन ही प्रभु पाइओ।।१।।२१।।*

*(त्वप्रसादि स्वये)*

यह कौन–सी अवस्था है? वैसे तो औरत अपनी एक अंगूठी भी नहीं देती। एक बाली भी नहीं देती, क्योंकि उसको आभूषणों से प्यार होता है। यह बाबा मोती राम मेहरा जी की पत्नी के अंदर कौन–सी अवस्था होगी जिन्होंने अपने तमाम आभूषण दे दिए और अपने पति को कहती हैं, जो सिपाही पहरे पर खड़ा है, उसको कहना तुम ये आभूषण ले लो। दूध ही तो पिलाना है, बस इतनी आज्ञा दे दो। कितनी बड़ी पकड़ का त्याग है। शायद इसी अवस्था को कहा है :

*तनु मनु धनु सभु सउपि गुर कउ*
*हुकमि मंनिऐ पाईऐ।।*

*(अंग ६१८)*

अगली बात सुनकर आप हैरान होंगे कि बाबा मोती राम मेहरा जी जितने आभूषण पत्नी ने दिए हर पहरेदार को वे आभूषण पकड़ाते–पकड़ाते आगे जा रहे हैं। फिर जब जाकर माता जी व छोटे साहिबज़ादों को गर्म–गर्म दूध पिलाया, इतनी शांति मिली कि बेशक कितने स्वर्ण–आभूषण चले गए पर यह हाजरी दरगाही लग गई। बाद में बाबा मोती राम मेहरा जी का पूरा परिवार सरहिन्द के नवाब वजीद खां ने कोहलू में पेल दिया कि तूने दूध क्यों पिलाया है। अब यहाँ क्या कहोगे? तमाम आभूषण भी दे दिए, पूरा परिवार कोहलू में पेल दिया गया

किसलिए एक दूध पिलाने की खातिर। कभी दर्शन करने जाओ श्री फतेहगढ़ साहिब और वहाँ बाबा मोती राम मेहरा जी का स्थान है, जहाँ वह पावन गिलास आज भी शोभायमान है जिसमें साहिबज़ादों व माता जी को दूध पिलाया था।

दास बैठा–बैठा सोच रहा था कि जब बाबा मोती राम मेहरा जी के परिवार को कोहलू में पेल दिया होगा, शहीदी हो गई होगी तो इन रूहों को सचखण्ड में कितनी ऊँची जगह मिली होगी कि आपकी शहीदी का कारण गुरु से प्यार है। सच्ची प्रीत है। इन रूहों को दरगाह में कितनी बड़ी जगह मिली होगी और यदि कहीं निरंकार ने, गुरु कलगीधर पिता जी ने दोबारा इनको भेजा भी होगा और कितनी बड़ी जिम्मेदारी देकर भेजा होगा। यूं ही नहीं कहते कुछ रूहें धरती पर दरगाह में से जिम्मेदारियां लेकर आई होती हैं। क्योंकि इनकी पिछली सेवा अत्यंत धन्य होती है। साधारण व्यक्ति कह देता है। भक्त में एवं मुझ में क्या फर्क है? संत में और मुझ में क्या फर्क है? उनके भी दो हाथ हैं, मेरे भी दो हाथ हैं। अंग एक जैसे हैं पर पिछले संस्कारों में ऐसी जिम्मेदारियां निभाई होती हैं कि चाबियां साथ मिली होती हैं। जाओ दुनिया का उद्धार करो। यह बाबा मोती राम मेहरा जी परिवार कोहलू में पेला गया, दूध पिलाने के कारण। देख लो, इतने सख्त पहरे में भी अपनी जिम्मेदारी निभाई। इतना प्यार था सतिगुरु जी व सतिगुरु जी के परिवार से।

अगले दिन कचहरी लगी। अब जितनी उम्र है, साहिबज़ादों की सात साल व नौ साल। इतने बच्चे हो तो चार टाफियां देकर प्रलोभन दिया जाता है। लेकिन उस समय कौन–सी चीज काम आई? सारी रात माता गुजर कौर जी ने क्या किया? साहिबज़ादों को साखियां सुना–सुना कर बैटरी चार्ज कर दी। बैटरी चार्ज कर दी कि आपके पड़दादा जी का एक इतिहास है कि कैसे श्री गुरु अर्जुन देव जी महाराज को गर्म तवी पर बैठाकर शीश में गर्म रेत डालकर शहीद किया गया था। आपके दादा जी का यह इतिहास है कि कैसे श्री गुरु तेग बहादुर जी को चाँदनी चौंक दिल्ली में शहीद किया गया था। आपके पूर्वजों का यह इतिहास है। बच्चो! डगमगा मत जाना। धर्म मत छोड़ना।

इतिहास में लिखा है कि पहरेदारों ने वजीद खां की कचहरी का बड़ा द्वार नहीं खोला बल्कि छोटा द्वार खोला है। उनकी योजना क्या थी? जब छोटे द्वार में से गुजरेंगे तो सिर झुकाकर निकलना पड़ेगा। और हम कहेंगे कि इन्होंने हमें सलाम की है पर साहिबज़ादे जब छोटे द्वार में से गुजरने लगे तो पहले सिर नहीं अंदर किया, जूती अंदर की। पहले अंदर अपने चरण किए हैं, माता जी ने ऐसी बैटरी चार्ज की थी कि जब कचहरी में गए हैं तो उच्च स्वर में क्या कहा?

***वाहिगुरु जी का खालसा।।***
***वाहिगुरु जी की फतहि।।***

जब फतेह बुलाई, कचहरी हिल गई। यह माता जी की साखियों ने बैटरी चार्ज की थी। जितनी बहनें, भाई हैं आप भी अपने बच्चों के प्रति डयूटी जरुर निभाओ। हम अपने फर्ज़ से दूर न हों। हम सभी बाबा नंद सिंघ जी का वचन जरुर याद रखें। बाबा जी ने कहा– जब बच्चा जन्म

लेता है, एक साल तक दादा–दादी या माता–पिता एक पाठ श्री सुखमनी साहिब जी का बच्चे को रोज श्रवण करवाएं। चाहे बच्चे को खेलते करवा दें, चाहे सोए को करवा दें, चाहे दूध पीते को करवा दें, वह बच्चा फिर जीवन में कभी मनमुख नहीं निकलेगा।

